ਪੰਜਾਬ ਦੇ ਗੀਤ

ਲੇਖਕ

ਪੰਡਿਤ ਰਾਮ ਸਰਨ ਐਡਵੋਕੇਟ



ਸਰਪਰਸਤ : ਡਾ. ਵਿਭਾ ਸ਼ਰਮਾ

ਪੰਜਾਬ ਦੇ ਗੀਤ

پنجابی گانے

ਲੇਖਕ

ਪੰਡਿਤ ਰਾਮ ਸਰਨ ਐਡਵੋਕੇਟ

(1895–1946)

ਸ਼ਾਹਮੁਖੀ ਤੋਂ ਗੁਰਮੁਖੀ ਲਿਪੀਅੰਤਰਣ

ਡਾ. ਜਤਿੰਦਰ ਕੌਰ
(ਐਸੋਸੀਏਟ ਪ੍ਰੋਫ਼ੈਸਰ)
ਪੰਜਾਬੀ ਵਿਭਾਗ,
ਐਮ.ਸੀ.ਐਮ. ਡੀ.ਏ.ਵੀ. ਕਾਲਜ,
ਚੰਡੀਗੜ੍ਹ

ਡਾ. ਕਰਮਜੀਤ ਸਿੰਘ
(ਪ੍ਰੋਫ਼ੈਸਰ ਰਿਟਾਇਰਡ),
ਪੰਜਾਬੀ ਵਿਭਾਗ,
ਕੁਰੁਕਸ਼ੇਤਰ ਯੂਨੀਵਰਸਿਟੀ,
ਕੁਰੁਕਸ਼ੇਤਰ

ਸਰਪਰਸਤ

ਡਾ. ਵਿਭਾ ਸ਼ਰਮਾ
(ਪੰਡਿਤ ਰਾਮ ਸਰਣ ਦਾਸ ਜੀ ਦੀ ਨਵਾਸੀ)

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ-144008

PUNJAB DE GEET
by **Pandit Ram Saran Advocate**

© Reserved with Vibha Sharma

Transliteration by :

Dr. Jatinder Kaur
Associate Professor,
Deptt. of Punjabi
M.C.M.D.A.V. College
Chandigarh

Dr. Karamjit Singh
Professor Retd.
Deptt. of Punjabi
Kurukshetra University,
Kurukshetra

Dr. Vibha Sharma
(Granddaughter of Pandit Ram Saran)
Associate Professor (Retired)
BSc (Hons) Zoology,
MA, MPhil & PhD in Public Administration

ਸ਼ਾਹਮੁਖੀ/ਫਾਰਸੀ ਸੰਸਕਰਣ : 1931
ਗੁਰਮੁਖੀ ਵਿੱਚ ਪਹਿਲਾ ਸੰਸਕਰਣ : 2025

ISBN : 978-96-49222-47-2

ਮੁੱਲ : **250 ਰੁਪਏ**

ਸਹਿ ਪ੍ਰਕਾਸ਼ਕ

ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ-144008
@kitabkhazana

ਛਾਪਕ

ਸੈਂਟੋ ਪ੍ਰਿੰਟਰਜ਼, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਸਮਰਪਣ

ਮੇਰੀ ਪਿਆਰੀ ਮਾਤਾ ਜੀ ਦੀ ਯਾਦ ਵਿੱਚ

ਸ਼੍ਰੀਮਤੀ ਸਵਰਾਜ ਸ਼ਰਮਾ
ਪਤਨੀ ਸ਼੍ਰੀ ਯਗ ਦੱਤ ਸ਼ਰਮਾ
(ਪੰਡਿਤ ਰਾਮ ਸਰਨ ਐਡੋਵੋਕੇਟ ਜੀ ਦੀ ਧੀ)

…… A woman who shaped me and my brother.

……. A woman who was ahead of her time….

Dr. Vibha Sharma

Daughter of Mrs Swaraj Sharma
Granddaughter of Pandit Ram Saran Advocate

ਸ਼ੁਕਰਾਨਾ

ਇਹ ਮੇਰੇ ਲਈ ਵੱਡੀ ਖ਼ੁਸ਼ੀ ਅਤੇ ਅਪਾਰ ਕ੍ਰਿਪਾ ਦੀ ਗੱਲ ਹੈ ਕਿ ਮੈਂ ਪੰਜਾਬੀ ਲੋਕ ਵਿਰਸੇ ਦਾ ਇੱਕ ਅਨਮੋਲ ਰਤਨ "ਪੰਜਾਬ ਦੇ ਗੀਤ" ਨੂੰ ਗੁਰਮੁਖੀ ਸੰਸਕਰਨ ਵਿੱਚ ਪੇਸ਼ ਕਰ ਰਹੀ ਹਾਂ। ਇਹ ਪੁਸਤਕ ਮੂਲ ਰੂਪ ਵਿੱਚ ਵਿਦਵਾਨ ਪੰਡਿਤ ਰਾਮ ਸਰਣ ਦਾਸ, ਐਡਵੋਕੇਟ (1895–1946) ਵੱਲੋਂ ਲਿਖੀ ਗਈ ਸੀ ਅਤੇ ਪਹਿਲੀ ਵਾਰ 1931 ਵਿੱਚ ਸ਼ਾਹਮੁਖੀ ਲਿਪੀ ਵਿੱਚ ਛਪੀ। ਇਸ ਵਿੱਚ ਪੰਜਾਬ ਦੇ ਲੋਕ ਗੀਤਾਂ ਦੀ ਸੰਭਾਲ, ਦਰਜਾਬੰਦੀ ਅਤੇ ਪੇਸ਼ਕਾਰੀ ਕੀਤੀ ਗਈ ਹੈ, ਜੋ ਸਾਡੇ ਵਿਰਸੇ ਦਾ ਪ੍ਰਮੁੱਖ ਹਿੱਸਾ ਹਨ।

ਸਭ ਤੋਂ ਪਹਿਲਾਂ, ਮੈਂ ਪਰਮਾਤਮਾ ਦਾ ਧੰਨਵਾਦ ਕਰਦੀ ਹਾਂ, ਜਿਸ ਨੇ ਮੈਨੂੰ ਇਹ ਮਹੱਤਵਪੂਰਣ ਕੰਮ ਕਰਨ ਲਈ ਚੁਣਿਆ। ਇਹ ਸਿਰਫ਼ ਉਸ ਦੀ ਕਿਰਪਾ ਨਾਲ ਹੀ ਸੰਭਵ ਹੋ ਸਕਿਆ।

ਇਹ ਪੁਸਤਕ ਮੇਰੇ ਮਾਤਾ ਜੀ ਸ੍ਰੀਮਤੀ ਸਵਰਾਜ ਸ਼ਰਮਾ, ਜੋ ਕਿ ਪੰਡਿਤ ਰਾਮ ਸਰਣ ਦਾਸ ਐਡਵੋਕੇਟ ਜੀ ਦੀ ਧੀ ਸਨ, ਨੂੰ ਸਮਰਪਿਤ ਹੈ। ਇਹ ਉਨ੍ਹਾਂ ਦੀ ਯਾਦ ਵਿੱਚ ਇੱਕ ਨਮ੍ਰ ਸ਼ਰਧਾਂਜਲੀ ਹੈ ਅਤੇ ਉਨ੍ਹਾਂ ਦੀ ਨਾਵਾਸੀ ਵਜੋਂ ਇਹ ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਂ ਇਹ ਕੰਮ ਕਰ ਸਕੀ।

ਮੈਂ ਡਾ. ਕਰਮਜੀਤ ਸਿੰਘ ਅਤੇ ਡਾ. ਜਤਿੰਦਰ ਕੌਰ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਲਿਪਿਅੰਤਰ ਦਾ ਕੰਮ ਬੜੀ ਮਿਹਨਤ ਅਤੇ ਸੰਵੇਦਨਸ਼ੀਲਤਾ ਨਾਲ ਕੀਤਾ। ਉਨ੍ਹਾਂ ਦੇ ਯਤਨਾਂ ਨਾਲ ਇਹ ਵਿਰਾਸਤ ਨਵੀਂ ਪੀੜ੍ਹੀ ਲਈ ਪੁਨਰ ਪ੍ਰਕਾਸ਼ਿਤ ਹੋਈ ਹੈ।

ਮੈਂ 'ਨਿਊ ਬੁੱਕ ਕੰਪਨੀ', ਜਲੰਧਰ, ਪੰਜਾਬ ਅਤੇ ਵਿਸ਼ੇਸ਼ ਤੌਰ 'ਤੇ ਪ੍ਰਕਾਸ਼ਕ ਸ: ਹਰਸਿਮਰਨ ਸਿੰਘ ਜੀ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਸੰਸਕਰਣ ਨੂੰ ਪ੍ਰਕਾਸ਼ਿਤ ਕਰਨ ਵਿੱਚ ਪੂਰਾ ਸਹਿਯੋਗ ਦਿੱਤਾ। ਮੈਂ ਸ: ਬਲਵਿੰਦਰ ਸਿੰਘ ਜੀ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਪੁਸਤਕ ਦੀ ਪੜਤਾਲ ਕਰ ਕੇ ਇਹ ਯਕੀਨੀ ਬਣਾਇਆ ਕਿ ਕਿਸੇ ਵੀ ਤਰ੍ਹਾਂ ਦੀ ਗਲਤੀ ਨਾ ਰਹਿ ਜਾਵੇ।

ਮੈਂ, ਡਾ. ਬਿੰਦੂ ਸ਼ਰਮਾ, ਡਾ. ਮਿਨੀ ਗਰੇਵਾਲ, ਡਾ. ਸੁਖਪਰੀਤ ਭਾਟੀਆ, ਡਾ. ਮ੍ਰਿਦੁਲਾ ਸ਼ਰਮਾ ਅਤੇ ਹੋਰ ਸਹੇਲੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਹਮੇਸ਼ਾ ਮੇਰੀ ਹੌਸਲਾ ਅਫਜ਼ਾਈ ਕੀਤੀ ਅਤੇ ਇਸ ਕੰਮ ਨੂੰ ਸਫਲਤਾ ਪੂਰਵਕ ਪੂਰਾ ਕਰਨ ਲਈ ਮੇਰੀ ਹੌਂਸਲਾ ਅਫ਼ਜਾਈ ਕੀਤੀ।

ਮੈਂ ਮਿਸ ਪ੍ਰਬਦੀਪ ਕੌਰ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਲਿਪਿਅੰਤਰ ਵਿੱਚ ਸਹਾਇਤਾ ਕੀਤੀ।

ਇਸ ਯਤਨ ਦੌਰਾਨ, ਮੈਂ ਆਪਣੇ ਪਤੀ ਸ਼੍ਰੀ ਅਸ਼ਵਨੀ ਕੁਮਾਰ ਜੀ ਦੀ ਵਿਸ਼ੇਸ਼ ਧੰਨਵਾਦੀ ਹਾਂ, ਜਿਨ੍ਹਾਂ ਦੀ ਹੌਸਲਾ ਅਫਜ਼ਾਈ ਅਤੇ ਸਾਥ ਸਦਾ ਮੇਰੇ ਨਾਲ ਰਿਹਾ। ਨਾਲ ਹੀ, ਮੈਂ ਆਪਣੇ ਪੁੱਤਰ ਸ਼੍ਰੀ ਅਨੁਭਵ ਤੁਕਨਾਯਤ ਅਤੇ ਮਾਤਾ ਜੀ ਸ਼੍ਰੀਮਤੀ ਸੁਸ਼ੀਲਾ ਸ਼ਰਮਾ ਜੀ ਦਾ ਵੀ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੇਰੇ ਇਸ ਯਤਨ ਦੌਰਾਨ ਹੌਂਸਲੇ, ਸਹਿਯੋਗ ਅਤੇ ਸਮਝਦਾਰੀ ਨਾਲ ਮੇਰਾ ਸਾਥ ਦਿੱਤਾ।

ਅੰਤ ਵਿੱਚ, ਮੈਂ ਉਹਨਾਂ ਪਾਠਕਾਂ ਦੀ ਆਭਾਰੀ ਹਾਂ ਜੋ ਪੰਜਾਬੀ ਲੋਕ ਗੀਤਾਂ ਅਤੇ ਲੋਕ ਵਿਰਸਾ ਨਾਲ ਮੋਹ ਰੱਖਦੇ ਹਨ। ਉਮੀਦ ਕਰਦੀ ਹਾਂ ਕਿ ਇਹ ਸੰਸਕਰਣ ਉਨ੍ਹਾਂ ਲਈ ਲਾਭਕਾਰੀ, ਰੌਚਕ ਅਤੇ ਪ੍ਰੇਰਣਾਦਾਇਕ ਸਾਬਤ ਹੋਵੇਗਾ।

—ਡਾ. ਵਿਭਾ ਸ਼ਰਮਾ
ਚੰਡੀਗੜ੍ਹ
vibhasharma9@gmail.com

ਰਲ ਸ਼ਗਨ ਮਨਾਈਏ

ਪੰਜਾਬ ਦਾ ਲੋਕ-ਸਾਹਿਤ ਪੰਜਾਬੀ ਲੋਕਾਂ ਦੀ ਸਾਂਝੀ ਵਿਰਾਸਤ ਦਾ ਵਡਮੁੱਲਾ ਖ਼ਜ਼ਾਨਾ ਹੈ। ਇਸ ਦੀ ਥਾਹ ਸਮੇਂ-ਸਮੇਂ ਉੱਤੇ ਆਉਣ ਵਾਲੇ ਵਿਦਵਾਨਾਂ ਨੇ ਆਪੋ-ਆਪਣੀ ਸਮਰੱਥਾ ਮੁਤਾਬਕ ਪਾਉਣ ਦੀ ਕੋਸ਼ਿਸ਼ ਕੀਤੀ ਹੈ। 'ਪੰਜਾਬ ਦੇ ਗੀਤ' ਕਿਤਾਬ ਪੰਡਿਤ ਰਾਮ ਸਰਨ ਐਡਵੋਕੇਟ ਜੀ ਦੀ ਇਸੇ ਦਿਸ਼ਾ ਪਾਈ ਉਸ ਪਿਰਤ ਦਾ ਸਾਕਾਰ ਰੂਪ ਹੈ। ਦੇਸ ਵੰਡ ਤੋਂ ਪਹਿਲਾਂ ਪੰਜਾਬੀ ਫ਼ਾਰਸੀ, ਗੁਰਮੁਖੀ ਅਤੇ ਦੇਵਨਾਗਰੀ ਲਿਪੀਆਂ ਵਿੱਚ ਲਿਖੀ ਜਾਂਦੀ ਰਹੀ ਹੈ। ਵੰਡ ਨੇ ਇਸ ਸਾਂਝ ਤੋਂ ਮਹਿਰੂਮ ਕਰ ਕੇ ਪੰਜਾਬੀ ਬੋਲੀ ਨੂੰ ਇੱਕ ਲਿਪੀ ਤਕ ਹੀ ਮਹਿਦੂਦ ਨਹੀਂ ਕੀਤਾ, ਸਗੋਂ ਸਾਹਿਤ ਅਤੇ ਲੋਕ ਸਾਹਿਤ ਤਕ ਪਾਠਕਾਂ ਦੀ ਰਸਾਈ ਵੀ ਘੱਟ ਕਰ ਦਿੱਤੀ। ਫ਼ਾਰਸੀ ਅੱਖਰਾਂ ਵਿੱਚ ਲਿਖਿਆ ਸਾਹਿਤ ਸਰਹੱਦ ਦੇ ਇਸ ਪਾਰ ਅਤੇ ਗੁਰਮੁਖੀ ਅਤੇ ਦੇਵਨਾਗਰੀ ਦੀਆਂ ਲਿਖਤਾਂ ਸਰਹੱਦ ਦੇ ਉਸ ਪਾਰ ਲਿਪੀ ਨਾ ਜਾਣਨ ਬਲਿਆਂ ਲਈ ਅਪਹੁੰਚ ਹੋ ਗਈਆਂ। ਪੰਜਾਬੀ ਵਿਦਵਾਨਾਂ ਦੁਆਰਾ ਪੇਸ਼ ਇੱਕ ਬੋਲੀ ਇੱਕ ਲਿਪੀ ਦਾ ਵਿਚਾਰ ਦੋਹਾਂ ਮੁਲਕਾਂ ਦੀ ਵੰਡ ਨੂੰ ਹੋਰ ਪੀਡਾ ਕਰਦਾ ਚਲਿਆ ਗਿਆ। ਨਤੀਜੇ ਵਜੋਂ ਸਾਹਿਤ ਅਤੇ ਲੋਕ ਸਾਹਿਤ ਦੀਆਂ ਕਿਤਾਬਾਂ ਛਪਣ ਦੇ ਬਾਵਜੂਦ ਅਦਬੀ ਅਦਾਨ-ਪ੍ਰਦਾਨ ਦਾ ਹਿੱਸਾ ਨਾ ਬਣ ਸਕੀਆਂ। ਲੰਮੇ ਸਮੇਂ ਤਕ ਇਹ ਕਿਤਾਬ (ਪੰਜਾਬ ਦੇ ਗੀਤ, 1931) ਵੀ ਗੁਮਨਾਮੀ ਦੇ ਹਨੇਰੇ ਵਿੱਚ ਗੁਆਚੀ ਰਹੀ। ਅੱਜ ਇਸ ਦਾ ਲਿਪੀ ਅੰਤਰ ਤਿਆਰ ਹੈ ਅਤੇ ਪਾਠਕਾਂ ਦੇ ਰੂਬਰੂ ਆਉਣ ਵਾਲਾ ਹੈ। ਆਓ ਇਸ ਮੁਬਾਰਕ ਮੌਕੇ ਦੀ ਅਹਿਮੀਅਤ ਨੂੰ ਜਾਣੀਏ। 'ਪੰਜਾਬ ਦੇ ਗੀਤ' ਫ਼ਾਰਸੀ ਅੱਖਰਾਂ ਵਿੱਚ 1931 ਵਿੱਚ ਹੀਰਾ ਸਿੰਘ ਦਰਦ ਹੁਰਾਂ ਦੇ ਫੁਲਵਾੜੀ ਪੁਸਤਕ ਭੰਡਾਰ ਵੱਲੋਂ ਪਹਿਲੀ ਵਾਰੀ ਛਾਪੀ ਗਈ। ਫੁਲਵਾੜੀ ਪੁਸਤਕ ਭੰਡਾਰ ਦਾ ਮਕਸਦ ਪੰਜਾਬ ਦੇ ਬਾਸ਼ਿੰਦਿਆਂ ਨੂੰ ਮਿਆਰੀ ਸਾਹਿਤਕ ਕਿਤਾਬਾਂ ਭੇਂਟ ਕਰਨਾ ਰਿਹਾ ਹੈ। ਹੀਰਾ ਸਿੰਘ ਦਰਦ ਨੇ 1924 ਵਿੱਚ ਫੁਲਵਾੜੀ ਰਸਾਲਾ ਅੰਮ੍ਰਿਤਸਰੋਂ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਉਹ ਲਾਹੌਰ ਆ ਗਏ। ਇਸ ਪੁਸਤਕ ਭੰਡਾਰ ਦੀ ਇਹ ਪਹਿਲੀ ਕਿਤਾਬ ਹੋਣ ਕਰ ਕੇ ਹੋਰ ਵੀ ਅਹਿਮ ਹੈ। ਆਪਣੀ ਪਹਿਲੀ ਕਿਤਾਬ ਦੀ ਚੋਣ ਸਮੇਂ ਹੀਰਾ ਸਿੰਘ ਦਰਦ ਨੇ ਇਸ ਨੂੰ ਪੰਜਾਬੀ ਵੀਰਾਂ-ਭੈਣਾਂ ਲਈ ਇੱਕ ਢੋਆ ਮੰਨ ਕੇ ਛਾਪਿਆ, ਜਿਸ ਦਾ ਮਾਅਨਾ ਇਹ ਵੀ ਬਣਦਾ ਹੈ ਕਿ ਉਨ੍ਹਾਂ ਦਾ ਅਸਲ ਮਕਸਦ ਲੋਕਾਂ ਦੇ ਸਾਹਿਤ ਨੂੰ ਲੋਕਾਂ ਤਕ ਪਹੁੰਚਾਉਣਾ ਸੀ। ਲੋਕ-ਸਾਹਿਤ ਦੀਆਂ ਵੰਨਗੀਆਂ ਨੂੰ ਸੰਭਾਲਣਾ ਸੀ। ਉਨ੍ਹਾਂ ਨੇ ਆਪਣੇ ਇਸ ਉੱਦਮ ਦੇ ਜ਼ਰੀਏ ਪੰਜਾਬੀਆਂ ਅੰਦਰ ਸਾਹਿਤ ਦੀ (ਲੋਕ-ਸਾਹਿਤ ਦੀ) ਚੇਟਕ ਲਾਉਣ ਦਾ ਤਹੱਈਆ ਕੀਤਾ। ਲੇਖਕ ਦੀ ਮਿਹਨਤ ਅਤੇ ਉਦਮ ਨੂੰ ਸੰਭਾਲਿਆ।

'ਪੰਜਾਬ ਦੇ ਗੀਤ' ਪੁਸਤਕ ਇਸ ਪੱਖੋਂ ਵੀ ਅਹਿਮ ਹੈ ਕਿ ਇਸ ਨੇ ਪੰਜਾਬੀ ਗੀਤਾਂ ਦੀਆਂ ਕਈ ਵੰਨਗੀਆਂ ਨੂੰ ਵੱਖਰਿਆਂ ਕਰ ਕੇ ਪੇਸ਼ ਕੀਤਾ। ਇਨ੍ਹਾਂ ਗੀਤਾਂ ਦੀ ਚੋਣ ਸਮੇਂ ਪੰਡਿਤ ਜੀ ਨੇ ਵਿਸ਼ਿਆਂ ਨੂੰ ਵੀ ਅਹਿਮੀਅਤ ਦਿੱਤੀ ਅਤੇ ਰੂਪਾਂ ਨੂੰ ਵੀ। ਵਿਸ਼ੇ ਦੀ ਵੰਨ-ਸੁਵੰਨਤਾ ਲਈ ਕਿਤਾਬ ਵਿੱਚ ਕਈ ਅਜਿਹੇ ਖ਼ੂਬਸੂਰਤ ਗੀਤ ਦਰਜ ਕੀਤੇ ਹਨ, ਜੋ ਬਿਲਕੁਲ ਹੀ ਵੱਖਰੇ ਹਨ। ਆਮ ਤੌਰ 'ਤੇ ਲੋਕ-ਗੀਤਾਂ ਵਿੱਚ ਵਿਆਹ, ਜਨਮ, ਸੁਹਾਗ, ਘੋੜੀਆਂ, ਆਦਿ ਦੀ ਪੇਸ਼ਕਾਰੀ ਹੁੰਦੀ ਹੈ। ਇਸ ਕਿਤਾਬ ਵਿੱਚ ਨਵੇਕਲੀ ਕੋਸ਼ਿਸ਼ ਭੈਣ-ਭਰਾਵਾਂ ਦੇ ਖ਼ੂਬਸੂਰਤ ਰਿਸ਼ਤੇ ਦੇ ਗੀਤਾਂ ਦੀ ਵੀ ਹੈ। ਪੰਜਾਬੀ ਸਾਕਾਦਾਰੀ ਪ੍ਰਬੰਧ ਅੰਦਰਲੇ ਇਸ ਰਿਸ਼ਤੇ ਦੀ ਬਹੁਤ ਸੁਹਣੀ ਤੇ ਮਿਆਰੀ ਪੇਸ਼ਕਾਰੀ ਹੋਈ ਹੈ। ਇਸ ਦੇ ਇਲਾਵਾ ਵੰਡ ਤੋਂ ਪਹਿਲਾਂ ਦੇ ਵਡੇਰੇ ਪੰਜਾਬ ਦੇ ਦਰਸ਼ਨ ਵੀ ਇਸ ਕਿਤਾਬ ਵਿੱਚੋਂ ਹੋ ਜਾਂਦੇ ਹਨ। ਪੰਜਾਬੀ ਗੀਤਾਂ ਦੀ ਵਰਗ-ਵੰਡ ਕਰਦਿਆਂ ਇਸ ਦੇ ਹਰ ਖਿੱਤੇ ਦੀ ਨੁਮਾਇੰਦਗੀ ਕਰਦੇ ਗੀਤ ਚੁਣੇ ਗਏ ਹਨ। ਪਹਾੜੀ, ਪੋਠੋਹਾਰੀ, ਕਾਂਗੜੀ, ਲਹਿੰਦੀ ਗੀਤਾਂ ਦੇ ਨਮੂਨੇ ਇੱਕੋ ਥਾਂ ਦੇ ਕੇ ਕਿਤਾਬ ਦੀ ਪਹੁੰਚ ਵਧੇਰੇ ਵਸੀਹ ਕਰ ਦਿੱਤੀ ਗਈ ਹੈ। ਇਨ੍ਹਾਂ ਗੀਤਾਂ ਦੀ ਬੋਲੀ ਪੰਜਾਬ ਵਿੱਚ ਬੋਲੀਆਂ ਜਾਂਦੀਆਂ ਬੋਲੀਆਂ ਦੀ ਵੰਨ-ਸੁਵੰਨਤਾ ਨੂੰ ਉਨ੍ਹਾਂ ਦੇ ਨਿਰੋਲ ਲਹਿਜੇ ਵਿੱਚ ਪੇਸ਼ ਕਰਦੀ ਹੈ। ਲੇਖਕ ਨੇ ਇਸ ਸਭ ਨੂੰ ਜਿਉਂ ਦਾ ਤਿਉਂ ਸੰਭਾਲਣ ਲਈ ਕੋਈ ਵੀ ਅੱਖਰ, ਲਗਾਂ-ਮਾਤਰਾ ਵਾਧੂ ਨਾ ਲਗਾਈ ਹੈ ਅਤੇ ਨਾ ਹੀ ਘਟਾਈ ਹੈ। ਪੰਡਿਤ ਰਾਮ ਸ਼ਰਨ ਜੀ ਦੀ ਪੜਚੋਲਵੀ ਨਜ਼ਰ ਨੇ ਇਸ ਸਾਰੀ ਵੰਨ-ਸੁਵੰਨਤਾ ਨੂੰ ਪੰਜਾਬੀ ਸੁਭਾਅ ਦੀ ਵੰਨਸੁਵੰਨਤਾ ਵਾਂਗੂ ਸੰਭਾਲਿਆ।

ਇਸ ਪੁਸਤਕ ਦੀ ਅਹਿਮੀਅਤ ਇਸ ਗੱਲੋਂ ਹੋਰ ਵੀ ਵਧ ਜਾਂਦੀ ਹੈ ਕਿ ਇਸ ਨੂੰ ਵਿਉਂਤਣ ਵੇਲੇ ਇਹ ਵੀ ਖ਼ਿਆਲ ਰੱਖਿਆ ਗਿਆ ਕਿ ਜਿਹੜੇ ਗੀਤ ਚੁਣੇ ਗਏ ਹਨ, ਕੀ ਉਹ ਔਰਤਾਂ ਦੇ ਹੀ ਗੀਤ ਹਨ। ਉਨ੍ਹਾਂ ਨੇ ਇਸ ਤੱਥ ਨੂੰ ਸਮਝਾਇਆ ਕਿ ਬਹੁਤ ਸਾਰੇ ਗੀਤ ਉਹ ਵੀ ਪ੍ਰਚਲਿਤ ਹਨ, ਜੋ ਕਿ ਦਰਅਸਲ ਮਰਦਾਂ ਦੁਆਰਾ ਰਚੇ ਗਏ ਹਨ, ਪਰ ਗਾਏ ਔਰਤਾਂ ਤੇ ਮਰਦ ਦੋਹਾਂ ਵੱਲੋਂ ਹੀ ਜਾਂਦੇ ਹਨ। ਇਸ ਕਿਤਾਬ ਦੀ ਵਿਉਂਤਬੰਦੀ ਕਰਦਿਆਂ ਉਨ੍ਹਾਂ ਨੇ ਸੁਚੇਤ ਰੂਪ ਵਿੱਚ ਅਜਿਹੇ ਗੀਤਾਂ ਨੂੰ ਨਕਾਰਿਆ ਹੈ। ਇਸ ਤਰ੍ਹਾਂ ਇਹ ਕਿਤਾਬ ਸਿਰਫ਼ ਗੀਤਾਂ ਦਾ ਸੰਗ੍ਰਹਿ ਨਹੀਂ ਸਗੋਂ ਗੀਤਾਂ ਦੇ ਰਚੇਤਿਆਂ ਬਾਰੇ ਵੀ ਸੂਝ ਰੱਖਦੀ ਹੋਈ ਲੋਕ-ਗੀਤਾਂ ਅਤੇ ਪ੍ਰਚਲਿਤ ਗੀਤਾਂ ਦਾ ਨਿਖੇੜਾ ਕਰ ਜਾਂਦੀ ਹੈ। ਅੱਜ ਜਦੋਂ ਪੰਜਾਬੀ ਗੀਤਕਾਰੀ ਵਿੱਚ ਲੋਕ-ਗੀਤ ਦੇ ਨਾਮ ਉੱਤੇ ਕਿਸੇ ਵੀ ਕਿਸਮ ਦਾ ਗੀਤ ਪੇਸ਼ ਕੀਤਾ ਜਾ ਰਿਹਾ ਹੈ ਤਾਂ ਅਜਿਹੇ ਉੱਦਮ ਦੀ ਅਹਿਮੀਅਤ ਹੋਰ ਵੀ ਉੱਘੜਦੀ ਹੈ। ਵੱਡੀ ਗੱਲ ਤਾਂ ਇਹ ਹੈ ਕਿ ਇਹ ਕਿਤਾਬ ਪੰਜਾਬੀ ਗੀਤਾਂ ਦੇ ਪਹਿਲ-ਪਲੇਠੇ ਉੱਦਮਾਂ ਵਿੱਚੋਂ ਹੈ ਫਿਰ ਵੀ ਇਸ ਦੀ ਵਿਉਂਤਬੰਦੀ ਇੰਨੇ ਸੁਹਿਰਦ ਅਤੇ ਤਾਰਕਿਕ ਢੰਗ ਨਾਲ ਕੀਤੀ ਗਈ ਹੈ। ਬਿਨਾਂ ਸ਼ੱਕ ਇਹ ਸ਼ਲਾਘਾਯੋਗ ਹੈ।

ਪੰਜਾਬੀ ਅੱਖਰਾਂ ਵਿੱਚ ਇਸ ਕਿਤਾਬ ਦਾ ਲਿਪੀ ਅੰਤਰ ਬਹੁਤ ਹੀ ਖ਼ੂਬਸੂਰਤ ਸਫ਼ਰ ਵਾਂਗ ਰਿਹਾ ਹੈ। ਕਈ ਵਾਰ ਅਸੀਂ ਕਿਸੇ ਅਣਜਾਣ ਰਾਹ ਉੱਤੇ ਤੁਰ ਪੈਂਦੇ ਹਾਂ, ਪਰ ਰਾਹ

ਦੇ ਝਰਨੇ, ਜੰਗਲੀ ਫੁੱਲ ਤੇ ਸੰਘਣੀਆਂ ਛਾਵਾਂ ਇੱਕ ਨਵਾਂ ਹੁਲਾਰਾ ਹੋ ਨਿੱਬੜਦੀਆਂ ਹਨ। ਇਸ ਕਿਤਾਬ ਦਾ ਲਿਪੀ ਅੰਤਰ ਵੀ ਇਹੋ ਜਿਹਾ ਰਿਹਾ। ਹਰ ਗੀਤ ਨੇ ਕੁਝ ਨਵਾਂ ਸਿਖਾਇਆ, ਸਮਰੱਥਾ ਨੂੰ ਵਿਸਥਾਰਿਆ, ਗਿਆਨ ਦਾ ਰਾਹ ਰੁਸ਼ਨਾਇਆ ਅਤੇ ਇਲਮ ਦਾ ਘੇਰਾ ਹੋਰ ਮੋਕਲਾ ਕੀਤਾ। ਮੇਰੇ ਕੋਲ ਇਹ ਕਿਤਾਬ ਅਧੂਰੇ ਰੂਪ ਵਿੱਚ ਪਹੁੰਚੀ। ਇਸ ਦੇ ਲਿਪੀ ਅੰਤਰ ਨੂੰ ਮੁਕੰਮਲ ਕਰਦਿਆਂ, ਸੋਧਦਿਆਂ ਪੰਜਾਬੀ ਮੁਹਾਵਰੇ ਦੀ ਅਮੀਰੀ ਦਾ ਅਹਿਸਾਸ ਵੀ ਨਾਲ-ਨਾਲ ਰਿਹਾ। ਫ਼ਾਰਸੀ ਅੱਖਰਾਂ ਨਾਲ ਮੇਰੀ ਸਾਂਝ ਇਸ ਪੁਸਤਕ ਨਾਲ ਸਾਂਝ ਦਾ ਸਬੱਬ ਬਣੀ। ਮੇਰੀ ਹਮ-ਅਧਿਆਪਕ ਡਾ. ਵਿਭਾ ਸ਼ਰਮਾ ਕੋਲੋਂ ਇਸ ਕਿਤਾਬ ਦੇ ਹੋਣ ਬਾਰੇ, ਫਿਰ ਹਾਸਿਲ ਕਰਨ ਬਾਰੇ ਸੁਣ ਕੇ ਅਤੇ ਮੁੜ ਇਸ ਨੂੰ ਸੋਧ ਕੇ ਮੁਕੰਮਲ ਕਰਨ ਦਾ ਸਾਰਾ ਵਕਤ ਬਹੁਤ ਹੀ ਦਿਲਚਸਪ ਰਿਹਾ। ਪੰਜਾਬੀ ਪਾਠਕਾਂ ਤਕ ਇਸ ਕਿਤਾਬ ਨੂੰ ਪਹੁੰਚਾਉਣ ਵਿੱਚ ਮੈਨੂੰ ਵੀ ਉਨੀ ਹੀ ਖ਼ੁਸ਼ੀ ਹੋ ਰਹੀ ਹੈ, ਜਿੰਨੀ ਇਸ ਦੇ ਲੱਭ ਜਾਣ ਉੱਤੇ ਡਾ. ਵਿਭਾ ਨੂੰ ਹੋਈ ਹੈ। ਗੀਤਾਂ ਦੇ ਕੁਝ ਨਮੂਨੇ ਤਾਂ ਬਿਲਕੁਲ ਹੀ ਨਿਵੇਕਲੇ ਹਨ। ਹੁਣ ਤਕ ਪੰਜਾਬੀ ਵਿੱਚ ਬਹੁਤ ਸਾਰੇ ਸੰਗ੍ਰਹਿ ਲੋਕ-ਗੀਤਾਂ ਦੇ ਆ ਚੁੱਕੇ ਹਨ, ਫਿਰ ਵੀ ਇਹ ਕਿਤਾਬ ਬਹੁਤ ਕੁਝ ਨਵਾਂ ਅਤੇ ਵੱਖਰਾ ਪੇਸ਼ ਕਰੇਗੀ। ਆਓ ਇਸ ਦਾ ਸੁਆਗਤ ਕਰੀਏ ਅਤੇ ਇਸ ਦੇ ਪਾਠਕਾਂ ਤਕ ਪਹੁੰਚਣ ਦੇ ਜਸ਼ਨ ਵਿੱਚ ਸ਼ਾਮਲ ਹੋਈਏ।

ਡਾ. ਜਤਿੰਦਰ ਕੌਰ
ਮੇਹਰ ਚੰਦ ਮਹਾਜਨ, ਡੀ.ਏ.ਵੀ. ਕਾਲਜ
ਸੈਕਟਰ 36-ਏ
ਚੰਡੀਗੜ੍ਹ।

ਭੂਮਿਕਾ

ਲੋਕ-ਗੀਤ ਆਦਿ-ਮਾਨਵ ਦਾ ਸਰਮਾਇਆ ਹਨ। ਜਿੱਥੇ ਉਹ ਆਪਣੀਆਂ ਭਾਵਨਾਵਾਂ ਵਿਅਕਤ ਕਰਦਾ ਉੱਥੇ ਉਹ ਪ੍ਰਕ੍ਰਿਤੀ ਦੇ ਦੂਜੇ ਜਾਨਵਰਾਂ ਪਸ਼ੂਆਂ ਦੀ ਨਕਲ ਵੀ ਕਰਦਾ ਹੈ। ਇਨ੍ਹਾਂ ਲੋਕ-ਗੀਤਾਂ ਤੋਂ ਹੀ ਗੀਤਾਂ ਦਾ ਵਿਕਾਸ ਹੁੰਦਾ ਹੈ ਤੇ ਕਵਿਤਾ ਦਾ ਵਿਕਾਸ ਵੀ ਸੰਪੰਨ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਲੋਕ-ਗੀਤ ਕਵਿਤਾ ਤੋਂ ਪਹਿਲਾਂ ਹੋਂਦ ਵਿੱਚ ਆਉਂਦੇ ਹਨ ਅਤੇ ਕਵਿਤਾ ਤੋਂ ਬਾਅਦ ਕਥਾ-ਵਾਰਤਾ ਪੈਦਾ ਹੁੰਦੀ ਹੈ।

ਪੰਜਾਬੀ ਵੀ ਇਸ ਦਾ ਅਪਵਾਦ ਨਹੀਂ। ਪੰਜਾਬੀ ਦੇ ਲੋਕ-ਗੀਤਾਂ ਦੇ ਪਹਿਲਾਂ ਪੈਦਾ ਹੋਣ ਕਰ ਕੇ ਉਸ ਤੋਂ ਬਾਅਦ ਕਵਿਤਾ ਦਾ ਆਗ਼ਾਜ਼ ਹੁੰਦਾ ਹੈ। ਜਦੋਂ ਅਸੀਂ ਆਪਣੇ ਪੰਜਾਬੀ ਲੋਕ-ਗੀਤਾਂ ਦੇ ਇਤਿਹਾਸ ਬਾਰੇ ਚਰਚਾ ਕਰਦੇ ਹਾਂ ਤਾਂ ਇਹ ਬਾਬਾ ਫ਼ਰੀਦ ਤੋਂ ਵੀ ਪਹਿਲਾਂ ਪੈਦਾ ਹੁੰਦੇ ਹਨ। ਬਾਬਾ ਫ਼ਰੀਦ ਤੋਂ ਬਾਅਦ ਲੋਕ-ਗੀਤਾਂ ਦਾ ਕਾਲ਼ਾ ਯੁੱਗ ਅਜਿਹਾ ਨਹੀਂ ਹੈ ਕਿ ਪੰਜਾਬੀ ਲੋਕ-ਗੀਤ ਰਚੇ ਨਾ ਜਾ ਰਹੇ ਹੋਣ। ਸਾਮੀਕਾਲ ਵਿੱਚ ਭਾਵੇਂ ਇਹ ਧਰਮ ਉੱਪਰ ਆਧਾਰਿਤ ਸਨ, ਪਰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਸੂਫ਼ੀਆਂ ਦੇ ਪ੍ਰਭਾਵ ਅਧੀਨ ਲੋਕ-ਗੀਤ ਪੈਦਾ ਨਹੀਂ ਹੋਏ। ਸੂਫ਼ੀਆਂ ਦੀਆਂ ਕਾਫੀਆਂ ਲੋਕ-ਕਾਵਿ ਵਿੱਚ ਆ ਗਈਆਂ ਹਨ।

ਪੰਜਾਬ ਦੇ ਅੰਗਰੇਜ਼ੀ ਰਾਜ ਵਿੱਚ ਮਿਲਣ ਤੋਂ ਬਾਅਦ ਅੰਗਰੇਜ਼ ਵਿਦਵਾਨਾਂ ਨੇ ਇਸ ਤੋਂ ਪਹਿਲਾਂ ਦੁਨੀਆ ਵਿੱਚ ਜਿੱਥੇ ਵੀ ਰਾਜ ਕੀਤਾ, ਉੱਥੋਂ ਵਾਲਾ ਵਰਤਾਰਾ ਜਾਰੀ ਰੱਖਿਆ। ਉਨ੍ਹਾਂ ਨੇ ਕਿਸੇ ਵੀ ਸਮਾਜ ਨੂੰ ਜਾਣਨ ਲਈ ਉੱਥੋਂ ਦੀ ਲੋਕ-ਧਾਰਾ ਨੂੰ ਸੰਗ੍ਰਹਿ ਕੀਤਾ ਤੇ ਉਸ ਦਾ ਅਧਿਐਨ ਕੀਤਾ, ਪਰ ਉਨ੍ਹਾਂ ਦੇ ਸੰਗ੍ਰਹਿ ਵਿੱਚ ਲੋਕ-ਕਥਾਵਾਂ ਵਧੇਰੇ ਹਨ। ਆਰ. ਸੀ. ਟੈਂਪਲ ਦੀਆਂ ਦੰਦ-ਕਥਾਵਾਂ ਦੀਆਂ ਤਿੰਨ ਜਿਲਦਾਂ ਨੂੰ ਛੱਡ ਕੇ ਜਾਂ ਇਕਾ-ਦੁਕਾ ਹੋਰ ਗੀਤਾਂ ਨੂੰ ਛੱਡ ਕੇ ਬਾਕੀ ਸਭ ਲੋਕ ਕਥਾਵਾਂ ਹੀ ਹਨ। ਉਨ੍ਹਾਂ ਨੇ ਪੰਜਾਬੀ ਦੀਆਂ ਦੰਤ ਕਥਾਵਾਂ ਵਿੱਚ ਜਾਂ ਬਾਤਾਂ ਵਿੱਚ ਵਧੇਰੇ ਦਿਲਚਸਪੀ ਲਈ ਜਾਂ ਲੋਕ -ਵਿਸ਼ਵਾਸ ਦੂਸਰੇ ਰੂਪਾਂ ਨੂੰ ਵਧੇਰੇ ਸੰਗ੍ਰਹਿ ਕੀਤਾ।

ਇਨ੍ਹਾਂ ਤੋਂ ਇਲਾਵਾ ਪੰਜਾਬੀ ਵਿਦਵਾਨਾਂ ਨੇ ਲੋਕ-ਗੀਤਾਂ ਉੱਪਰ ਵਧੇਰੇ ਕੰਮ ਕੀਤਾ, ਪਰ ਸਤਿਆਰਥੀ ਤੋਂ ਪਹਿਲਾਂ ਸੰਤ ਰਾਮ ਬੀ. ਏ. ਅਤੇ ਰਾਮ ਸਰਨ ਦਾਸ ਤੇ ਕੁਝ ਇਕ ਹੋਰਾਂ ਨੇ ਦੇਵਨਾਗਰੀ ਤੇ ਫ਼ਾਰਸੀ ਵਿੱਚ ਲੋਕ-ਗੀਤ ਸੰਗ੍ਰਹਿ ਕੀਤੇ, ਪਰ ਇਹ ਗੁਰਮੁਖੀ ਤੋਂ ਇਲਾਵਾ ਹੋਰ ਲਿਪੀਆਂ ਵਿੱਚ ਸਨ। ਇਸ ਲਈ ਸੰਤਾਲੀ ਤੋਂ ਬਾਅਦ ਇਨ੍ਹਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ।

ਸਾਡੇ ਲਈ ਇਹ ਕਾਰਜ ਕਠਿਨ ਸੀ, ਪਰ ਇਹ ਕਠਿਨ ਕਾਰਜ ਸੰਤ ਰਾਮ ਬੀ. ਏ.

ਦੀਆਂ ਪੁਸਤਕਾਂ ਲੱਭਣ ਤੋਂ ਬਾਅਦ ਸੌਖਾ ਹੋ ਗਿਆ। ਸੰਤ ਰਾਮ ਬੀ. ਏ. ਨੇ ਹੋਰ ਸਾਰਾ ਕੁਝ ਆਰੀਆ ਸਮਾਜੀ ਹੋਣ ਕਾਰਨ ਹਿੰਦੀ ਵਿੱਚ ਕੀਤਾ। ਇਕ ਲੋਕ-ਗੀਤ ਸੰਗ੍ਰਹਿ ਦੇਵਨਾਗਰੀ ਵਿੱਚ ਛਪਵਾਇਆ। ਉਹ ਵੀ ਉੱਨੀ ਸੌ ਸਤਾਈ (1927) ਦਾ ਸੀ। ਸਾਨੂੰ ਮਿਲਣ ਤੋਂ ਬਾਅਦ ਅਸੀਂ ਉਸ ਦਾ ਲਿਪੀ ਅੰਤਰ ਕਰ ਕੇ ਤੁਰੰਤ ਗੁਰਮੁਖੀ 'ਚ ਲੈ ਆਂਦਾ ਤੇ ਛਪਵਾ ਦਿੱਤਾ। ਹੁਣ ਉਹ ਗੁਰਮੁਖੀ ਵਿੱਚ ਉਪਲਬਧ ਹੈ।

ਪਹਿਲੇ ਦੋ ਖਰੜਿਆਂ ਤੋਂ ਬਾਅਦ ਦੇਵਨਾਗਰੀ ਅਤੇ ਫ਼ਾਰਸੀ ਲਿਪੀ ਵਿੱਚ ਹੋਣ ਕਰ ਕੇ ਪੰਜਾਬੀ ਇਤਿਹਾਸਕ ਮਨੋਵਿਗਿਆਨ ਦਾ ਪਤਾ ਚਲਦਾ ਹੈ ਕਿ ਬਾਬਾ ਫ਼ਰੀਦ ਤੋਂ ਬਾਅਦ ਦੋਨੋਂ ਲਿਪੀਆਂ ਚੱਲ ਰਹੀਆਂ ਸਨ, ਪਰ ਨਾਲ ਇਹ ਵੀ ਪਤਾ ਚਲਦਾ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਹਿੱਸੇ ਵਿੱਚ ਜਦੋਂ ਕਿ ਧਰਮਾਂ ਦਾ ਪੁਨਰ-ਉਥਾਨ ਹੁੰਦਾ ਹੈ ਉਥੇ ਲਿਪੀਆਂ ਬਾਰੇ ਵੀ ਨਵਾਂ ਨਜ਼ਰੀਆ ਪੈਦਾ ਹੁੰਦਾ ਹੈ। ਵੀਹਵੀਂ ਸਦੀ ਦੇ ਸ਼ੁਰੂ ਦੇ ਅੱਧ ਵਿੱਚ ਜਾ ਕੇ ਜਿੱਥੇ ਅੰਗਰੇਜ਼ਾਂ ਦੇ ਅੰਗਰੇਜ਼-ਪੱਖੀ ਅਫ਼ਸਰਾਂ ਨੇ ਫ਼ਾਰਸੀ ਲਿਪੀ ਦੇ ਪੱਖ ਵਿੱਚ ਵੋਟ ਪਾਈ, ਉਥੇ ਗੁਰਮੁਖੀ 'ਤੇ ਕੰਮ ਕਰਨ ਵਾਲਿਆਂ ਨੇ ਗੁਰਮੁਖੀ ਨੂੰ ਪਹਿਲ ਦਿੱਤੀ। ਸੋ ਇਉਂ 1963 ਵਿੱਚ ਲਛਮਣ ਸਿੰਘ ਗਿੱਲ ਦੀ ਸਰਕਾਰ ਨੇ ਗੁਰਮੁਖੀ ਲਿਪੀ ਨੂੰ ਪਹਿਲ ਦਿੱਤੀ। ਹਾਲਾਂ ਕਿ ਅੱਜ ਵੀ ਇਹ ਕੰਮ ਅਧੂਰਾ ਹੈ, ਪਰ ਪਾਕਿਸਤਾਨ ਵਿੱਚ ਔਫਿਸ਼ੀਅਲ ਲੈਂਗੁਏਜ (ਸਰਕਾਰੀ ਭਾਸ਼ਾ) ਕਿਉਂਕਿ ਉਰਦੂ ਹੈ ਤੇ ਇਸ ਲਈ ਉਨ੍ਹਾਂ ਦੀ ਲਿਪੀ ਫ਼ਾਰਸੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੋਕ-ਗੀਤਾਂ ਦਾ ਸੰਗ੍ਰਹਿ ਜਿੱਥੇ ਅੰਗਰੇਜ਼ਾਂ ਨੇ ਪੋਠੋਹਾਰ ਤੋਂ ਕੀਤਾ, ਉਥੇ ਲੋਕ-ਗੀਤਾਂ ਦੇ ਸੰਗ੍ਰਹਿ ਦੁਆਬੇ 'ਚੋਂ ਹੋਇਆ। ਦੋਵਾਂ ਹੀ, ਸੰਤ ਰਾਮ ਬੀ. ਏ. ਅਤੇ ਰਾਮਸਰਨ ਦਾਸ ਦਾ ਖੇਤਰ ਦੁਆਬਾ ਹੀ ਹੈ। ਦੇਵਿੰਦਰ ਸਤਿਆਰਥੀ ਨੇ ਇਨ੍ਹਾਂ ਤੋਂ ਬਾਅਦ 1936 ਵਿੱਚ ਗਿੱਧਾ ਤੇ ਉਸ ਨਾਲ ਜੁੜੇ ਹੋਏ ਗੀਤਾਂ, ਨਰਿਤ ਗੀਤਾਂ 'ਤੇ ਕੰਮ ਕੀਤਾ। ਦਵਿੰਦਰ ਸਤਿਆਰਥੀ ਨੇ 1931 ਦੇ ਪੰਜਾਬ ਦੇ ਗੀਤਾਂ ਨੂੰ ਵਿਸ਼ੇਗਤ ਤੇ ਰਾਮ ਸਰਨ ਨੇ ਜਿਨ੍ਹਾਂ ਦਿੱਕਤਾਂ ਦਾ ਫੀਲਡ ਵਰਕ ਵਿੱਚ ਉਨ੍ਹਾਂ ਦਾ ਜ਼ਿਕਰ ਵੀ ਕੀਤਾ। ਰਾਮ ਸਰਨ ਦਾਸ ਨੇ ਕਈ ਥਾਵਾਂ ਤੇ ਜਾ ਕੇ ਇਨ੍ਹਾਂ ਦਾ ਸੰਗ੍ਰਹਿ ਕੀਤਾ ਤੇ ਅਜ ਤੋਂ ਤਕਰੀਬਨ ਸੌ ਸਾਲ ਪਹਿਲਾਂ ਸਾਂਝੀ ਸੰਸਕ੍ਰਿਤੀ ਜਾਂ ਸਭਿਅਤਾ ਨੂੰ ਸੰਗ੍ਰਹਿਤ ਕੀਤਾ ਤੇ ਨਾਲ ਹੀ ਨਾਲ ਕਿਉਂਕਿ ਉਸ ਸਮੇਂ ਰਿਕਾਰਡਿੰਗ ਨਾਲ ਹੀ ਆ ਗਈ ਸੀ, ਇਸ ਲਈ ਉਨ੍ਹਾਂ ਦੀ ਰਿਕਾਰਡਿੰਗ ਹੋ ਕੇ ਅੱਜ ਤਕ ਪਹੁੰਚੀ ਹੋਈ ਹੈ। ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਬਹੁਤੇ ਲੋਕ-ਗੀਤ ਇਨ੍ਹਾਂ ਵਿਚੋਂ ਹੀ ਹਨ। ਅਸੀਂ ਸਮਝਦੇ ਹਾਂ ਕਿ ਹੁਣ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਜਿਹੜਾ ਖੱਪਾ ਪਿਆ ਸੀ, ਉਹ ਪੂਰਿਆ ਗਿਆ ਹੈ। ਇਸ ਲਈ ਹੁਣ ਸਮੁੱਚਤਾ ਵਿੱਚ ਅਧਿਐਨ ਵਿੱਚ ਲਗਾਤਾਰਤਾ ਬਣੀ ਰਹੇਗੀ।

ਇਸ ਦੀ ਸਾਂਭ-ਸੰਭਾਲ ਦਾ ਕੰਮ 1849 ਈ. ਤੋਂ ਬਾਅਦ ਪੰਜਾਬ ਦੇ ਅੰਗਰੇਜ਼ਾਂ ਅਧੀਨ ਆਉਣ ਤੋਂ ਪਿੱਛੋਂ ਹੀ ਸ਼ੁਰੂ ਹੋਇਆ। ਅੰਗਰੇਜ਼ਾਂ ਦਾ ਮੰਤਵ ਸੀ ਪੰਜਾਬੀ ਮਾਨਸਿਕਤਾ ਨੂੰ ਸਮਝਣਾ। ਇਹ ਸਭ ਪੈਦਾ ਕਰਨਾ ਉਨ੍ਹਾਂ ਲਈ ਆਪਣੇ ਸਾਮਰਾਜ ਨੂੰ ਵਧਾਉਣ ਦਾ ਇੱਕ ਸਾਧਨ ਸੀ। ਇਸੇ ਲਈ ਉਨ੍ਹਾਂ ਨੇ ਹਰ ਦੇਸ਼ ਵਿੱਚ ਫੋਕਲੋਰ ਸੁਸਾਇਟੀਆਂ ਦੀ ਸਥਾਪਨਾ

ਕੀਤੀ। ਇਸ ਦੇ ਵਿਰੋਧ ਵਿੱਚ ਅਚੇਤ ਹੀ ਅਜਿਹੇ ਲੋਕ-ਧਾਰਾ ਸ਼ਾਸਤ੍ਰੀਆਂ ਦੇ ਕੰਮ ਹੋਂਦ ਵਿੱਚ ਆਏ, ਜੋ ਸਾਮਰਾਜ ਵਿਰੁੱਧ ਸੁਤੰਤਰਤਾ ਦੀ ਲੜਾਈ ਅਧੀਨ ਭਾਰਤੀ ਸਭਿਆਚਾਰ ਦੇ ਸਾਂਝੇ ਸੂਤਰ ਲੱਭ ਰਹੇ ਸਨ। ਪਹਿਲੀ ਪ੍ਰਵਿਰਤੀ ਦੀ ਪ੍ਰਤਿਨਿਧਤਾ ਆਰ. ਸੀ. ਟੈਂਪਲ ਤੇ ਉਸ ਦੇ ਸਾਥੀ ਕਰ ਰਹੇ ਸਨ ਤੇ ਦੂਜੀ ਪ੍ਰਵਿਰਤੀ ਵਿੱਚ ਸੰਤ ਰਾਮ ਬੀ. ਏ., ਪੰਡਿਤ ਰਾਮ ਸਰਨ ਦਾਸ ਤੇ ਸਤਿਆਰਥੀ ਵਰਗੇ ਮਹਾਂਰਥੀ ਸਨ, ਜੋ ਪੰਜਾਬੀ ਨੂੰ ਹਿੰਦੀ ਦੀ ਉਪਭਾਸ਼ਾ ਕਹਿਣ ਤਕ ਚਲੇ ਗਏ। ਜਿਉਂ-ਜਿਉਂ ਅੰਗਰੇਜ਼ਾਂ ਵਿਰੁੱਧ ਜੰਗ ਤਿੱਖੀ ਹੁੰਦੀ ਗਈ, ਅੰਗਰੇਜ਼ ਵਿਦਵਾਨਾਂ ਵੱਲੋਂ ਕੀਤਾ ਕੰਮ ਵੀ ਪਿਛੋਕੜ ਵਿੱਚ ਧਕੀਂਦਾ ਗਿਆ। ਉਨ੍ਹਾਂ ਨੇ ਆਪਣੇ ਮੰਤਵਾਂ ਨੂੰ ਧਿਆਨ ਵਿੱਚ ਰੱਖ ਕੇ ਜਿਹੜਾ ਕੰਮ ਕੀਤਾ ਹੁਣ ਤਾਂ ਸਾਨੂੰ ਉਸ ਦੀ ਪੂਰੀ ਸੂਚੀ ਵੀ ਪ੍ਰਾਪਤ ਨਹੀਂ। ਪਿੱਛੇ ਜਿਹੇ ਮੇਰੇ ਵਿਦਿਆਰਥੀ ਸੈਮੂਅਲ ਗਿੱਲ ਨੇ ਜਦੋਂ ਇਸ ਸੂਚੀ ਦੀ ਤਿਆਰੀ ਲਈ ਲੰਡਨ ਦੀਆਂ ਲਾਇਬਰੇਰੀਆਂ ਦਾ ਦੌਰਾ ਕੀਤਾ ਤਾਂ ਉਹ ਕੁਝ ਸਾਹਮਣੇ ਆਇਆ, ਜਿਸ ਦੀ ਇੱਥੇ ਬੈਠਿਆਂ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ।

ਇਸ ਲਈ ਹੁਣ ਇਨ੍ਹਾਂ ਦਾ ਇਤਿਹਾਸ ਵੀ ਸਿਰਜਣਾ ਸੌਖਾ ਹੈ। ਇਸ ਵਿੱਚ ਸਾਰੇ ਸਹਿਯੋਗੀ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਦਿੱਤਾ, ਉਸ ਲਈ ਮੈਂ ਆਪਣੇ ਵਿਦਿਆਰਥੀ ਡਾਕਟਰ ਜਸਵੰਤ ਤੇ ਵਿਦਿਆਰਥਣ ਡਾ. ਰੇਖਾ ਤੇ ਉਨਾਂ ਦੇ ਹਸਬੈਂਡ ਡਾਕਟਰ ਪ੍ਰੇਮ ਸਿੰਘ ਤੇ ਕਰਨਲ ਪਰਮ ਸ਼ਿਵਰਾਓ ਅਨੰਤਾਰਾਉ ਦਾ ਧੰਨਵਾਦ ਕਰਦਾ ਹਾਂ।

—ਡਾ. ਕਰਮਜੀਤ ਸਿੰਘ
ਪ੍ਰੋ. (ਰਿਟਾ.)
ਡਿਪਾਰਟਮੈਂਟ ਔਫ ਪੰਜਾਬੀ
ਕੁਰੂਕਸ਼ੇਤਰ ਯੂਨੀਵਰਸਿਟੀ,
ਕੁਰੂਕਸ਼ੇਤਰ, ਹਰਿਆਣਾ।

ਪੰਡਿਤ ਰਾਮ ਸਰਨ—ਪੰਜਾਬ ਦੇ ਗੀਤ : ਸਾਹਿਤ ਵਿੱਚ ਵਰਨਣ

ਪੰਡਿਤ ਰਾਮ ਸਰਨ ਦਾਸ

ਨਾਮ ਤੇ ਤਖ਼ੱਲੁਸ ਰਾਮ ਸਰਨ ਦਾਸ, ਪਿਤਾ ਦਾ ਨਾਂ ਪੰਡਿਤ ਮੋਹਨ ਲਾਲ। ਲਾਹੌਰ ਦੇ ਵਸਨੀਕ। ਜਨਮ ਇੱਕ ਮਾਰਚ, 1895 ਈ., ਵਫ਼ਾਤ 12 ਸਤੰਬਰ, 1946 ਈ.।

ਬੀ.ਏ., ਐੱਲ.ਐੱਲ.ਬੀ. ਦਾ ਇਮਤਿਹਾਨ ਪਾਸ ਕਰ ਕੇ ਲਾਹੌਰ ਵਕਾਲਤ ਕਰਨ ਲੱਗ ਪਏ। ਸ਼ਾਇਰੀ ਦਾ ਸ਼ੌਕ 13–14 ਸਾਲ ਦੀ ਉਮਰ ਵਿੱਚ ਹੀ ਲੱਗ ਗਿਆ ਸੀ। 1918 ਈ. ਵਿੱਚ ਉਰਦੂ ਤੇ ਹਿੰਦੀ ਵਿੱਚ ਕੁਝ ਸ਼ਿਅਰ ਲਿਖਦੇ ਰਹੇ। ਪਰ ਫਿਰ ਮਾਤ-ਭਾਸ਼ਾ ਪੰਜਾਬੀ ਦੀ ਖਿੱਚ ਹੋਈ ਤੇ ਉਰਦੂ-ਹਿੰਦੀ ਤੋਂ ਮੂੰਹ ਮੋੜ ਲਿਆ। ਪੰਜਾਬੀ ਵਿੱਚ ਲਿਖਣ ਦਾ ਸ਼ੌਕ ਵਾਰਸ ਸ਼ਾਹ ਦੀ ਹੀਰ ਪੜ੍ਹ ਕੇ ਲੱਗਾ। ਇਹ ਹੀਰ ਵਾਰਸ ਦੇ ਆਸ਼ਕ ਸਨ। ਤਿੰਨ ਵਾਰੀ ਪੜ੍ਹ ਕੇ ਸਾਰਾ ਕਿੱਸਾ ਮੂੰਹ ਜ਼ਬਾਨੀ ਯਾਦ ਕਰ ਲਿਆ। ਉਸ ਦੇ ਪਿੱਛੋਂ ਇਨ੍ਹਾਂ ਸ਼ਾਹ ਮੁਹੰਮਦ ਦੀਆਂ ਬੈਂਤਾਂ ਵੱਲ ਧਿਆਨ ਦਿੱਤਾ ਤੇ ਉਸ ਨੂੰ ਸੋਧ ਕੇ ਟੀਕੇ ਨਾਲ ਛਪਵਾਇਆ, ਜਿਹੜਾ ਲੋਕਾਂ ਬੜਾ ਪਸੰਦ ਕੀਤਾ। ਇਸ ਤੋਂ ਬਾਅਦ ਇਨ੍ਹਾਂ 1930 ਈ. ਵਿੱਚ 'ਪੰਜਾਬ ਦੇ ਦਿਹਾਤੀ ਗੀਤ' ਇਕੱਠੇ ਕਰ ਕੇ ਛਪਵਾਏ। ਇਹ ਇਨ੍ਹਾਂ ਦੀ ਨਿੱਗਰ ਸੇਵਾ ਸੀ, ਜਿਹੜੀ ਬੜੀ ਸਲਾਹੀ ਗਈ। ਇਸ ਦੇ ਮਗਰੋਂ ਇਨ੍ਹਾਂ 'ਭਗਵਦ ਗੀਤਾ' ਨੂੰ ਪੰਜਾਬੀ ਕਵਿਤਾ ਦਾ ਚੋਲਾ ਪਵਾਇਆ। ਇਸੇ ਤਰ੍ਹਾਂ 'ਜ਼ਬੂਰ' ਨੂੰ ਵੀ ਕਵਿਤਾ ਦਾ ਚੋਲਾ ਪਵਾ ਰਹੇ ਸਨ ਕਿ ਅਚਾਨਕ ਮਰਨ-ਸੁਨੇਹਾ ਆ ਗਿਆ ਤੇ ਇਹ ਕੰਮ ਅਧੂਰਾ ਛੱਡ ਕੇ 12 ਸਤੰਬਰ, 1946 ਈ. ਨੂੰ ਚਲਾਣਾ ਕਰ ਗਏ।

ਵਕਾਲਤ ਦੇ ਕੰਮ 'ਚੋਂ ਜਦੋਂ ਵੀ ਵਿਹਲ ਮਿਲਦੀ, ਇਹ ਮਾਂ-ਬੋਲੀ ਦੀ ਸੇਵਾ ਵਿੱਚ ਜੁੱਟੇ ਰਹਿੰਦੇ ਸਨ। ਇਨ੍ਹਾਂ ਮਾਤ-ਭਾਸ਼ਾ ਦੀ ਜਿਹੜੀ ਨਿੱਗਰ ਸੇਵਾ ਕੀਤੀ, ਉਹ ਹਮੇਸ਼ਾ ਲਈ ਸਲਾਹੁਣਯੋਗ ਹੈ।

ਪੰਡਿਤ ਰਾਮ ਸਰਨ ਬੜੇ ਮੁਹੱਬਤੀ ਤੇ ਮਿਲਣਸਾਰ ਸਨ। ਹਰਮਨ-ਪਿਆਰੇ ਤੇ ਸਭ ਦੇ ਸਾਂਝੇ ਸਨ। ਜਲਸਿਆਂ ਤੇ ਕਵੀ ਦਰਬਾਰਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਹਰ ਪਾਸੇ ਇਨ੍ਹਾਂ ਦਾ ਸਤਿਕਾਰ ਹੁੰਦਾ ਸੀ। ਇਨ੍ਹਾਂ ਦੀਆਂ ਲਿਖਤਾਂ-ਸ਼ਰ੍ਹਾ ਬੈਂਤ ਸ਼ਾਹ ਮੁਹੰਮਦ, ਪੰਜਾਬ ਦੇ ਗੀਤ, ਭਗਵਦ ਗੀਤਾ ਛਪੀਆਂ ਹਨ।

'ਭਗਵਦ ਗੀਤਾ' ਵਿੱਚੋਂ :

ਹਰ ਹਾਲਤ ਵਿੱਚ ਇੱਕ ਸਮ ਰਹਿੰਦੇ, ਚੰਗਾ ਮੰਦਾ ਸਭ ਕੁਝ ਸਹਿੰਦੇ।
ਸ਼ਾਦੀ ਵਿੱਚ ਖ਼ੁਸ਼ ਹੁੰਦੇ ਨਾਹੀਂ, ਭੀੜ ਪਵੇ ਤਾਂ ਰੋਂਦੇ ਨਾਹੀਂ।
ਬਿਨ ਮੋਹ ਮਮਤਾ ਚਿੱਤ ਦੇ, ਥਿਰ ਬੁੱਧੀ ਸੋਈ ਦਵਾਂਦੇ।

ਪੰਜਾਬੀ ਸ਼ਾਇਰਾਂ ਦਾ ਤਜ਼ਕਰਾ
ਮੀਆਂ ਮੌਲਾ ਬਖ਼ਸ਼ ਕੁਸ਼ਤਾ

ਮਲਵਈ ਲੋਕ-ਗੀਤ ਸੰਗ੍ਰਹਿ

ਪੰਜਾਬ ਦਾ ਲੋਕ-ਸਾਹਿਤ ਇਕੱਤਰ ਕਰਨ ਦਾ ਕੰਮ ਯੂਰਪੀਨ ਵਿਦਵਾਨਾਂ, ਖ਼ਾਸ ਕਰ ਕੇ ਆਰ. ਸੀ. ਟੈਂਪਲ, ਸਵਿਨਰਟਨ, ਸਟੀਲ ਫਲੋਰਾ, ਆਦਿ ਨੇ ਅਰੰਭਿਆ ਸੀ। ਪੰਜਾਬ ਵਿੱਚ ਅਜੇਹਾ ਪਹਿਲਾ ਯਤਨ ਐਡਵੋਕੇਟ ਰਾਮ ਸਰਨ ਦਾਸ ਦੀ ਪੁਸਤਕ 'ਪੰਜਾਬ ਦੇ ਗੀਤ' ਸੀ। ਇਸ ਤੋਂ ਪਿੱਛੋਂ ਦੇਵਿੰਦਰ ਸਤਿਆਰਥੀ ਦੇ ਦੋ ਸੰਗ੍ਰਹਿ 'ਗਿੱਧਾ' (1936) ਅਤੇ 'ਦੀਵਾ ਬਾਲੇ ਸਾਰੀ ਰਾਤ' (1941) ਪ੍ਰਕਾਸ਼ਤ ਹੋਏ। ਗਿੱਧਾ, ਮਾਲਵੇ ਦੀਆਂ ਲੰਮੀਆਂ ਬੋਲੀਆਂ ਅਤੇ ਟੱਪਿਆਂ ਦਾ ਸੰਗ੍ਰਹਿ ਹੈ। ਪੁਸਤਕ 'ਦੀਵਾ ਬਲੇ ਸਾਰੀ ਰਾਤ' ਵਿੱਚ ਕਈ ਲੰਮੇ ਮਲਵਈ ਲੋਕ-ਗੀਤ ਸ਼ਾਮਲ ਹਨ। ਲਗ-ਭਗ ਇਸੇ ਸਮੇਂ ਮਲਵਈ ਬੋਲੀਆਂ ਅਤੇ ਲੰਮੇ ਗੀਤਾਂ ਦਾ ਇੱਕ ਹੋਰ ਸੰਗ੍ਰਹਿ 'ਜਿਉਂਦੀ ਦੁਨੀਆ' (1941) ਕਰਤਾਰ ਸਿੰਘ ਸ਼ਮਸ਼ੇਰ ਦੇ ਸ਼ਲਾਘਾਯੋਗ ਯਤਨਾਂ ਨਾਲ ਪ੍ਰਕਾਸ਼ਤ ਹੋਇਆ।

ਲੋਕ-ਕਾਵਿ ਦੀ ਸਿਰਜਨ-ਪ੍ਰਕਿਰਿਆ
ਮਲਵਈ ਲੋਕ-ਕਾਵਿ ਰੂਪਾਂ ਦੇ ਸੰਦਰਭ ਵਿੱਚ
ਨਾਹਰ ਸਿੰਘ

ਮੁੱਖ ਬੰਧ

ਵੱਲੋਂ : ਸ੍ਰੀਮਾਨ ਸ: ਸ: ਅਮੋਲ ਜੀ, ਪ੍ਰਿੰਸੀਪਲ ਗੁਰੂ ਰਾਮਦਾਸ ਕਾਲਜ, ਅੰਮ੍ਰਿਤਸਰ

ਪੰਜਾਬੀ ਦੇ ਪੁਰਾਣੇ ਗੀਤਾਂ ਵਿੱਚ ਵੀ ਕੋਈ ਅਨੋਖਾ ਹੀ ਜਾਦੂ ਵੱਸਦਾ ਹੈ। ਪੰਡਿਤ ਰਾਮ ਸਰਨ ਜੀ ਇਨ੍ਹਾਂ ਦੀ ਢੂੰਡ-ਭਾਲ ਵਿੱਚ ਤੁਰੇ ਤਾਂ ਆਪ ਹੀ ਗੀਤਾਂ ਦਾ ਰੂਪ ਹੋ ਕੇ ਬੋਲ ਉੱਠੇ, ਗਾ ਉੱਠੇ, ਨੱਚ ਉੱਠੇ।

ਚਾਨਣੀਆਂ ਰਾਤਾਂ
ਗਿ. ਘਣਸ਼ਾਮ ਦਾਸ 'ਸ਼ਾਮ'

ਪੰਡਿਤ ਰਾਮ ਸਰਨ ਦਾਸ

ਇਨ੍ਹਾਂ ਪੰਜਾਬੀ ਗੀਤਾਂ ਦੇ ਪੜ੍ਹਨ ਨਾਲ ਪੜ੍ਹਨ ਤਰਜ਼ਾਂ, ਨਵੀਆਂ ਬੰਦਸ਼ਾਂ ਤੇ ਨਵੇਂ-ਨਵੇਂ ਮੀਟਰਾਂ ਦਾ ਗਿਆਨ ਹੋਵੇਗਾ ਤੇ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਪੰਜਾਬੀ ਜ਼ਬਾਨ ਕੋਈ ਭੁੱਖੀ-ਨੰਗੀ ਜ਼ਬਾਨ ਨਹੀਂ, ਜਿਨੂੰ ਕਿ ਦੂਜੀਆਂ ਜੁਬਾਨਾਂ ਦੀਆਂ ਤਰਜ਼ਾਂ ਨਕਲ ਕਰਨ ਦੀ ਲੋੜ ਹੋਵੇ। ਪੰਜਾਬੀ ਜ਼ਬਾਨ ਵਿੱਚ ਸਭ ਕੁਝ ਮੌਜੂਦ ਹੈ, ਸਿਰਫ਼ ਖੋਜਣ ਦੀ ਲੋੜ ਏ।

ਪੰਜਾਬ ਦੇ ਗੀਤ, ਪੰਨਾ 15
ਪੰਜਾਬੀ ਬੋਲੀ ਦਾ ਇਤਿਹਾਸ
ਪ੍ਰੋ. ਪਿਆਰਾ ਸਿੰਘ ਪਦਮ

ਸਾਰੇ ਸੰਸਾਰ ਦੀਆਂ ਬੋਲੀਆਂ ਵਾਂਗ ਪੰਜਾਬੀ ਲੋਕ-ਗੀਤ ਵੀ ਮੌਖਕ ਰੂਪ ਵਿੱਚ ਹੀ ਪ੍ਰਚਲਿਤ ਹਨ। ਇਹਨਾਂ ਨੂੰ ਪੁਸਤਕ ਰੂਪ ਵਿੱਚ ਸਾਂਭਣ ਦਾ ਯਤਨ ਸਭ ਤੋਂ ਪਹਿਲਾਂ ਸੰਤ ਰਾਮ ਨੇ 1927 ਵਿੱਚ 'ਪੰਜਾਬੀ ਗੀਤ' ਨਾਮੀ ਸੰਗ੍ਰਹਿ ਦੇਵਨਾਗਰੀ ਲਿਪੀ ਵਿੱਚ ਛਾਪ ਕੇ ਕੀਤਾ। 1931 ਵਿੱਚ ਪੰਡਿਤ ਰਾਮ ਸਰਨ ਦਾ ਸੰਗ੍ਰਹਿ 'ਪੰਜਾਬ ਦੇ ਗੀਤ' ਫ਼ਾਰਸੀ ਲਿਪੀ ਵਿੱਚ ਪ੍ਰਕਾਸ਼ਿਤ ਹੋਇਆ।

ਪੰਜਾਬੀ ਸਭਿਆਚਾਰ ਦੀ ਆਰਸੀ-ਸੁਖਦੇਵ ਮਾਦਪੁਰੀ

ਸੰਨ 1931 ਵਿੱਚ ਪੰਡਿਤ ਰਾਮ ਸਰਨ ਨੇ ਫ਼ਾਰਸੀ ਲਿਪੀ ਵਿੱਚ ਲਿਖੀ ਪੰਜਾਬੀ ਦੀ ਪੁਸਤਕ 'ਪੰਜਾਬ ਦੇ ਗੀਤ' ਪ੍ਰਕਾਸ਼ਿਤ ਕਰਾਈ, ਜਿਸ ਵਿੱਚ ਗੀਤ-ਵੰਡ ਇੰਜ ਕੀਤੀ : 1. ਢੋਲਕੀ ਦੇ ਗੀਤ, 2. ਲੰਮੇ ਗੀਤ, 3. ਵਿਆਹ ਸ਼ਾਦੀਆਂ ਤੇ ਪੁੱਤਰ ਜੰਮਣ ਦੇ ਗੀਤਾਂ ਦੀ ਵੰਨਗੀ, 4. ਭੈਣਾਂ-ਭਰਾਵਾਂ ਦੇ ਗੀਤ, 5. ਪਹਾੜੀ, ਪੋਠੋਹਾਰੀ ਤੇ ਲਹਿੰਦੀ ਗੀਤਾਂ ਦੇ ਨਮੂਨੇ। ਭੂਮਿਕਾ ਦੇ ਅੰਤ ਵਿੱਚ ਲੇਖਕ ਦਾ ਬਿਆਨ ਧਿਆਨ-ਯੋਗ ਹੈ :

"ਇਹ ਗੀਤ ਮੈਂ ਕਿਸ ਤਰ੍ਹਾਂ ਇਕੱਠੇ ਕੀਤੇ, ਇਹ ਬੜੀ ਲੰਮੀ ਕਹਾਣੀ ਹੈ। ਸਿਰਫ਼ ਗੀਤ ਲਿਖਣ ਵਾਸਤੇ ਮੈਂ ਕਈ ਪਿੰਡਾਂ ਵਿੱਚ ਗਿਆ। ਵਿਆਹ-ਸ਼ਾਦੀਆਂ ਵਿੱਚ ਸ਼ਾਮਲ ਹੋਇਆ। ਕਈਆਂ ਦੇਵੀਆਂ ਦੇ ਮਿੰਨਤਾਂ-ਤਰਲੇ ਕਰਨੇ ਪਏ। ਬੜੀ ਮਿਹਨਤ ਤੇ ਮੁਸ਼ਕਿਲ ਨਾਲ ਮੈਂ ਡੇਢ ਹਜ਼ਾਰ ਦੇ ਕਰੀਬ ਗੀਤਾਂ ਦਾ ਜ਼ਖ਼ੀਰਾ ਇਕੱਠਾ ਕੀਤਾ ਏ।

"ਇਹ ਗੀਤ ਇਕੱਠੇ ਕਰਨ ਵਿੱਚ ਜੋ ਮੁਸ਼ਕਿਲ ਪੈਂਦੀ ਏ, ਉਹ ਤੁਹਾਨੂੰ ਤਾਂਹੀਓਂ ਪਤਾ ਲੱਗ ਸਕਦੀ ਏ, ਜੇ ਕਦੀ ਤੁਸੀਂ ਦਸ-ਪੰਦਰਾਂ ਗੀਤ ਇਕੱਠੇ ਕਰ ਕੇ ਵੇਖੋ। ਪੜ੍ਹੀਆਂ-ਲਿਖੀਆਂ ਭੈਣਾਂ ਨੂੰ ਤਾਂ ਗੀਤ ਆਉਂਦੇ ਹੀ ਨਹੀਂ, ਅਨਪੜ੍ਹ ਭੈਣਾਂ ਸ਼ਰਮ ਦੇ ਮਾਰੇ ਤੁਹਾਡੇ ਸਾਹਮਣੇ ਬੋਲਣਗੀਆ ਨਹੀਂ। ਜੇ ਕਦੀ ਉਹ ਬੋਲਣਾ ਸ਼ੁਰੂ ਵੀ ਕਰ ਦੇਣ ਤਾਂ ਉਹ ਝੱਟ ਭੁੱਲ ਜਾਣਗੀਆਂ। ਗੱਲ ਕੀ, ਇਹ ਗੀਤ ਅਨਪੜ੍ਹ ਭੈਣਾਂ ਦੀ ਯਾਦ ਵਿੱਚ ਉਦੋਂ ਹੀ ਉੱਤਰਦੇ ਹਨ, ਜਦ ਉਹ ਦੋ-ਚਾਰ ਇਕੱਠੀਆਂ ਹੋ ਕੇ ਸੁਰ ਨਾਲ ਹੋ ਕੇ ਗਾਉਣਾ ਸ਼ੁਰੂ ਕਰਨ, ਤੇ ਜਦ ਉਹ ਗਾ ਰਹੀਆਂ ਹੋਣ, ਉਸ ਵੇਲੇ ਲਿਖਣਾ ਔਖਾ ਹੁੰਦਾ ਏ। ਜੇ ਭੈਣਾਂ-ਭਰਾਵਾਂ ਨੇ ਮੇਰੀ ਮਿਹਨਤ ਦੀ ਕਦਰ ਕੀਤੀ ਤਾਂ ਮੈਂ ਇਸ ਸਿਲਸਿਲੇ ਦੀਆਂ ਦੋ-ਚਾਰ ਹੋਰ ਕਿਤਾਬਾਂ ਵੀ ਪੇਸ਼ ਕਰਾਂਗਾ।"

ਪੰਜਾਬੀ ਲੋਕ-ਗੀਤ (ਪੰਨਾ : 130),
ਪੰਜਾਬੀ ਲੋਕ-ਗੀਤਾਂ ਦਾ ਸੰਗ੍ਰਹਿ
ਸੰਪਾਦਕ : ਮਹਿੰਦਰ ਸਿੰਘ ਰੰਧਾਵਾ ਅਤੇ ਦਵਿੰਦਰ ਸਤਿਆਰਥੀ,
ਸਾਹਿਤ ਅਕਾਦਮੀ, ਨਵੀਂ ਦਿੱਲੀ।

ਪੰਡਿਤ ਰਾਮ ਸਰਨ ਐਡਵੋਕੇਟ : ਜਾਣ-ਪਛਾਣ

ਪੰਡਿਤ ਰਾਮ ਸਰਨ ਦਾਸ ਜੀ ਲਾਹੌਰ ਵਿੱਚ ਰਹਿਣ ਵਾਲੇ ਪ੍ਰਸਿੱਧ ਵਕੀਲ ਸਨ। ਆਜ਼ਾਦੀ ਸੰਘਰਸ਼ ਦੌਰਾਨ ਉਹ ਕ੍ਰਾਂਤੀਕਾਰੀਆਂ ਦੇ ਵਕੀਲ ਰਹੇ ਅਤੇ ਦੇਸ-ਭਗਤੀ ਨਾਲ ਸੰਬੰਧਿਤ ਕਵਿਤਾਵਾਂ ਵੀ ਲਿਖਦੇ ਸਨ। ਪੰਡਿਤ ਜੀ ਭਾਰਤ ਦੀ ਸੁਤੰਤਰਤਾ ਤੋਂ ਪਹਿਲਾਂ ਹੀ ਦੁਨੀਆ ਨੂੰ ਅਲਵਿਦਾ ਕਹਿ ਗਏ। ਪੰਡਿਤ ਰਾਮ ਸਰਨ ਜੀ ਮੇਰੇ ਨਾਨਾ ਜੀ ਸਨ। ਪੰਡਿਤ ਰਾਮ ਸਰਨ ਦਾਸ ਜੀ ਬਾਰੇ ਸੰਖੇਪ ਜਾਣ-ਪਛਾਣ :

ਪੰਡਿਤ ਰਾਮ ਸਰਨ—ਇੱਕ ਪ੍ਰਸਿੱਧ ਵਕੀਲ

ਪੰਡਿਤ ਜੀ ਨੇ ਆਪਣੀ ਕਾਨੂੰਨ ਦੀ ਡਿਗਰੀ ਲਾਹੌਰ ਤੋਂ ਪ੍ਰਾਪਤ ਕੀਤੀ ਅਤੇ ਉੱਥੋਂ ਦੇ ਹਾਈ ਕੋਰਟ ਵਿੱਚ ਹੀ ਕਾਨੂੰਨ ਦਾ ਅਭਿਆਸ ਕੀਤਾ। ਉਨ੍ਹਾਂ ਦੀ ਹਵੇਲੀ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿੱਚ ਸੀ। ਅਸੀਂ ਸੁਣਿਆ ਹੈ ਕਿ ਉਨ੍ਹਾਂ ਨੇ ਕੁਝ ਵਕੀਲਾਂ ਅਤੇ ਹੋਰਾਂ ਨਾਲ ਮਿਲ ਕੇ 'ਗੈਂਤੀ ਫ਼ੌਜ' ਬਣਾਈ, ਜਿਸ ਨੇ ਗੁਪਤ ਰੂਪ ਨਾਲ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲਿਆ।

ਪੰਡਿਤ ਰਾਮ ਸਰਨ ਦਾਸ ਜੀ 'ਲਾਹੌਰ ਕਾਂਸਪੀਰੇਸੀ ਕੇਸ' ਵਿੱਚ ਵੀ ਵਕੀਲ ਸਨ। ਇਸ ਦਾ ਜ਼ਿਕਰ ਪ੍ਰਸਿੱਧ ਪੰਜਾਬੀ ਨਾਵਲਕਾਰ ਨਾਨਕ ਸਿੰਘ ਨੇ ਆਪਣੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿੱਚ ਪੰਨਾ 189 'ਤੇ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ "ਦੋਸ਼ੀਆਂ ਦੇ ਮੁਖ ਵਕੀਲ ਪੰਡਿਤ ਰਾਮ ਸਰਨ ਦਾਸ ਨੇ ਸਰ ਅਲੀ ਇਮਾਮ, ਇਕ ਕਾਨੂੰਨੀ ਮੈਂਬਰ, ਨਾਲ ਮੁਲਾਕਾਤ ਕੀਤੀ ਅਤੇ ਉਸਨੂੰ ਕਾਨੂੰਨੀ ਪੱਖ ਤੋਂ ਯਕੀਨ ਦਿਵਾਇਆ ਕਿ ਫਾਂਸੀ ਦੇਣ ਵਾਲੇ ਜਜਾਂ ਨੇ ਸੱਚ-ਮੁੱਚ ਪੱਖਪਾਤ ਅਤੇ ਕੱਟੜਤਾ ਨਾਲ ਕੰਮ ਕੀਤਾ। ਅੰਤ ਵਿੱਚ, ਵਾਇਸਰਾਏ ਇਸ ਮਾਮਲੇ 'ਤੇ ਮੁੜ ਵਿਚਾਰ ਕਰਨ ਲਈ ਸਹਿਮਤ ਹੋਏ ਅਤੇ ਕਿਹਾ ਕਿ ਜਦੋਂ ਤਕ ਮਾਮਲਾ ਪੂਰਾ ਨਹੀਂ ਹੋ ਜਾਂਦਾ, ਦੋਸ਼ੀਆਂ ਨੂੰ ਫਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ।"

ਪੰਡਿਤ ਜੀ ਦੀ ਵੱਡੀ ਧੀ ਮਰਹੂਮ ਸਾਵਿੱਤਰੀ ਦੇਵੀ ਦੀ ਧੀ ਵੀਨਾ ਸ਼ਰਮਾ ਨੇ ਗੱਲ-ਬਾਤ ਕਰਦਿਆਂ ਦੱਸਿਆ ਕਿ ਪੰਡਿਤ ਰਾਮ ਸਰਨ ਜੀ ਸ਼ਹੀਦ ਭਗਤ ਸਿੰਘ ਕੇਸ ਵਿੱਚ ਵੀ ਵਕੀਲ ਸਨ। ਉਨ੍ਹਾਂ ਦੀ ਮਾਂ ਲਾਹੌਰ ਵਿੱਚ ਪੰਡਿਤ ਜੀ ਦੇ ਘਰ ਆਉਂਦੀ ਸੀ। ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਤੋਂ ਕੁਝ ਦਿਨ ਪਹਿਲਾਂ ਪੰਡਿਤ ਜੀ ਸ਼ਹੀਦ ਭਗਤ ਸਿੰਘ ਨੂੰ ਮਿਲਣ ਲਈ ਉਨ੍ਹਾਂ ਦੀ ਮਾਂ (ਸਾਵਿੱਤਰੀ ਦੇਵੀ) ਨੂੰ ਜੇਲ੍ਹ ਲੈ ਗਏ ਸਨ। ਉਸ ਸਮੇਂ ਉਹ (ਸਾਵਿੱਤਰੀ ਦੇਵੀ) ਬਹੁਤ ਛੋਟੀ ਸੀ ਅਤੇ ਉਸ ਨੂੰ ਪੰਡਿਤ ਜੀ ਨੇ ਚਿੱਟੇ ਕੱਪੜੇ

ਪਵਾਏ ਹੋਏ ਸਨ। ਪੰਡਿਤ ਜੀ ਨੇ ਸਾਵਿਤਰੀ ਜੀ ਨੂੰ ਸ਼ਹੀਦ ਭਗਤ ਸਿੰਘ ਜੀ ਨੂੰ ਸਲਾਮ ਕਰਨ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਲੈਣ ਲਈ ਕਿਹਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਜਦੋਂ ਸ਼ਹੀਦ ਭਗਤ ਸਿੰਘ ਜੀ ਨੂੰ ਫਾਂਸੀ ਦਿੱਤੀ ਗਈ ਸੀ, ਉਨ੍ਹਾਂ ਦੇ ਮਾਤਾ ਪਿਤਾ ਪੰਡਿਤ ਜੀ ਦੇ ਘਰ ਹੀ ਸਨ।

ਪੰਡਿਤ ਰਾਮ ਸਰਨ—ਇੱਕ ਪ੍ਰਸਿੱਧ ਲੇਖਕ

ਸ਼੍ਰੀਮਦ ਭਗਵਦ ਗੀਤਾ (1935)—ਪੰਡਿਤ ਰਾਮ ਸਰਨ ਜੀ ਨੇ ਸ਼੍ਰੀਮਦ ਭਗਵਦ ਗੀਤਾ ਦਾ ਪੰਜਾਬੀ (ਕਵਿਤਾ) ਵਿੱਚ ਅਨੁਵਾਦ ਕੀਤਾ। ਇਹ ਅਨੁਵਾਦ ਦੇਵਨਾਗਰੀ ਅਤੇ ਗੁਰਮੁਖੀ ਦੋਵਾਂ ਲਿਪੀਆਂ ਵਿੱਚ ਹੈ।

'ਪੰਜਾਬ ਦੇ ਗੀਤ' (1931)—ਉਨ੍ਹਾਂ ਨੇ ਪੰਜਾਬੀ ਲੋਕ ਸਾਹਿਤ ਵਿੱਚ ਵੀ ਵਡਮੁੱਲਾ ਯੋਗਦਾਨ ਪਾਇਆ ਹੈ। ਪੰਡਿਤ ਜੀ ਨੇ ਪੰਜਾਬੀ ਲੋਕ-ਗੀਤਾਂ ਦਾ ਸੰਗ੍ਰਹਿ 'ਪੰਜਾਬ ਦੇ ਗੀਤ' (1931) ਲਾਹੌਰ ਵਿੱਚ ਸ਼ਾਹਮੁਖੀ ਅਤੇ ਗੁਰਮੁਖੀ ਅੱਖਰਾਂ ਵਿੱਚ ਪ੍ਰਕਾਸ਼ਿਤ ਕੀਤਾ। ਪੰਜਾਬੀ ਸਾਹਿਤ ਦੀਆਂ ਮੁੱਖ ਕਿਤਾਬਾਂ ਵਿੱਚ ਇਸ ਦਾ ਜ਼ਿਕਰ ਹੈ।

ਵੈਦਿਕ ਸੰਧਿਆ—ਪੰਡਿਤ ਰਾਮ ਸਰਨ ਜੀ ਨੇ ਸਧਾਰਨ ਹਿੰਦੀ (ਕਵਿਤਾ) ਵਿੱਚ 'ਵੈਦਿਕ ਸੰਧਿਆ' ਦਾ ਅਨੁਵਾਦ ਵੀ ਕੀਤਾ।

ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ (ਬੈਂਤ ਸ਼ਾਹ ਮੁਹੰਮਦ) 1929 ਵਿੱਚ ਸੰਪਾਦਿਤ ਕੀਤੀ।

ਕਵਿਤਾ ਤੇ ਲੇਖ :ਪੰਡਿਤ ਰਾਮ ਸਰਨ ਜੀ ਨੇ ਪੰਜਾਬੀ ਪੈਤ੍ਰਿਕਾਓਂ ਜਿਵੇਂ ਕਿ ਫੁਲਵਾੜੀ ਤੇ ਪ੍ਰੀਤ-ਲੜੀ ਵਿੱਚ ਕਈ ਲੇਖ ਤੇ ਕਵਿਤਾਵਾਂ ਛਪਵਾਈਆਂ।

ਪਰਿਵਾਰ

ਪੰਡਿਤ ਜੀ ਦੇ ਪੁਰਖੇ ਕਸ਼ਮੀਰੀ ਪੰਡਿਤ ਸਨ ਅਤੇ ਕਸ਼ਮੀਰ ਵਿੱਚ ਲੱਕੜ ਦਾ ਵਪਾਰ ਕਰਦੇ ਸਨ। ਮੁਗ਼ਲਾਂ ਦੇ ਰਾਜ ਦੌਰਾਨ, ਉਨ੍ਹਾਂ ਦਾ ਪਰਿਵਾਰ ਗੁਰੂਆਂ ਦੀ ਸੰਗਤ ਵਿੱਚ ਕਸ਼ਮੀਰ ਤੋਂ ਬਾਬਾ ਬਕਾਲਾ ਆਇਆ ਸੀ। ਉਥੋਂ ਪਰਿਵਾਰ ਦੇ ਮੈਂਬਰ ਲਾਹੌਰ ਅਤੇ ਅੰਮ੍ਰਿਤਸਰ ਵਿੱਚ ਵੱਸ ਗਏ। ਪੰਡਿਤ ਜੀ ਦੇ ਛੋਟੇ ਭਰਾ, ਸਵਰਗੀ ਬੀ. ਬਿਸ਼ਨ ਦਾਸ ਸ਼ਰਮਾ ਜੀ ਜਲੰਧਰ ਵਿੱਚ ਰਹਿੰਦੇ ਸਨ ਅਤੇ ਉਥੋਂ ਦੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਸਨ।

ਪੰਡਿਤ ਰਾਮ ਸਰਨ, ਪੁੱਤਰ ਸ਼੍ਰੀ ਮੋਹਨ ਲਾਲ ਜੀ, ਦਾ ਜਨਮ 1895 ਵਿੱਚ ਹੋਇਆ। ਉਨ੍ਹਾਂ ਦੀ ਮੌਤ ਸਤੰਬਰ 12, 1946 ਨੂੰ ਲਾਹੌਰ ਵਿੱਚ ਦਿਲ ਦੇ ਦੌਰੇ ਨਾਲ ਹੋਈ। ਪੰਡਿਤ ਜੀ ਦੇ ਦੋ ਪੁੱਤਰ (ਵੇਦ ਪ੍ਰਕਾਸ਼ ਅਤੇ ਓਮ ਪ੍ਰਕਾਸ਼) ਅਤੇ ਚਾਰ ਧੀਆਂ (ਸਾਵਿਤਰੀ ਦੇਵੀ, ਕ੍ਰਿਸ਼ਨਾ, ਸਵਰਾਜ ਅਤੇ ਸ਼ਾਰਦਾ) ਸਨ, ਜੋ ਹੁਣ ਇਸ ਸੰਸਾਰ ਵਿੱਚ ਨਹੀਂ ਹਨ। ਉਨ੍ਹਾਂ ਦਾ ਪੁਤਰ ਵੇਦ ਪ੍ਰਕਾਸ਼ ਭਾਰਤੀ ਫੌਜ ਦੇ ਤੋਪਖ਼ਾਨੇ ਵਿੱਚ ਸੀ ਅਤੇ ਓਮ ਪ੍ਰਕਾਸ਼ ਦਿੱਲੀ ਦੇ ਨਿੱਜੀ ਖੇਤਰ ਵਿੱਚ ਕੰਮ ਕਰਦਾ ਸੀ। ਧੀਆਂ ਵਿੱਚੋਂ ਸਾਵਿੱਤਰੀ ਦੇਵੀ ਅੰਮ੍ਰਿਤਸਰ ਅਤੇ ਕ੍ਰਿਸ਼ਨਾ, ਸਵਰਾਜ ਅਤੇ ਸ਼ਾਰਦਾ ਚੰਡੀਗੜ੍ਹ ਵਿੱਚ ਰਹਿੰਦੀਆਂ ਸਨ। ਪੰਡਿਤ ਰਾਮ ਸਰਨ ਦਾਸ ਜੀ ਦੇ ਪਰਿਵਾਰ ਵਿੱਚ ਹੁਣ ਪੋਤੇ-ਪੋਤੀਆਂ, ਦੋਹਤੇ ਅਤੇ ਦੋਹਤੀਆਂ ਹਨ।

ਪੰਡਿਤ ਰਾਮ ਸਰਨ ਦਾਸ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਘਟਨਾਵਾਂ

ਪੰਡਿਤ ਰਾਮ ਸਰਨ ਦਾਸ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਘਟਨਾਵਾਂ ਸੁਣੀਆਂ ਹਨ, ਜਿਨ੍ਹਾਂ ਦਾ ਹੇਠਾਂ ਵਰਨਣ ਕਰ ਰਹਿ ਹਾਂ :

ਸ਼੍ਰੀਮਤੀ ਵੀਨਾ ਜੀ ਨੇ ਦੱਸਿਆ ਕਿ ਪੰਡਿਤ ਜੀ ਨੇ ਲਾਲਾ ਲਾਜਪਤ ਰਾਏ ਜੀ ਦੇ ਨਾਲ ਸਾਈਮਨ ਕਮਿਸ਼ਨ ਦੇ ਖ਼ਿਲਾਫ਼ ਪ੍ਰਦਰਸ਼ਨ ਵਿੱਚ ਹਿੱਸਾ ਲਿਆ ਸੀ, ਜਿਸ ਕਰ ਕੇ ਉਨ੍ਹਾਂ ਨੂੰ, ਦੋ ਹੋਰ ਵਿਦਿਆਰਥੀਆਂ ਦੇ ਨਾਲ, ਇੱਕ ਸੈਸ਼ਨ ਦੇ ਲਈ ਕਾਲਜ ਤੋਂ ਮੁਅਤਲ ਕਰ ਦਿੱਤਾ ਗਿਆ ਸੀ। ਉਹ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਦੇ ਪ੍ਰਦਰਸ਼ਨ ਵਿੱਚ ਵੀ ਸ਼ਾਮਲ ਸਨ। ਕਤਲੇਆਮ ਤੋਂ ਥੋੜ੍ਹੀ ਦੇਰ ਪਹਿਲਾਂ ਉਹ ਲੰਗਰ ਲਈ ਨਿਕਲੇ ਸਨ, ਅਤੇ ਉੱਥੇ ਹੀ ਉਨ੍ਹਾਂ ਨੂੰ ਕਤਲੇਆਮ ਬਾਰੇ ਪਤਾ ਲੱਗਾ।

ਸ਼੍ਰੀਮਤੀ ਵੀਨਾ ਜੀ ਨੂੰ ਉਨ੍ਹਾਂ ਦੀ ਮਾਤਾ ਸਾਵਿੱਤਰੀ ਦੇਵੀ ਜੀ ਨੇ ਇਹ ਵੀ ਦੱਸਿਆ ਸੀ ਕਿ ਇਕ ਸਵੇਰ 'ਖ਼ਾਨ ਚਾਚਾ' ਨਾਮਕ ਵਿਅਕਤੀ ਪੰਡਿਤ ਰਾਮ ਸਰਨ ਜੀ ਦੇ ਘਰ ਆਇਆ ਅਤੇ ਕਿਹਾ ਕਿ 'ਕੰਮ ਹੋ ਗਿਆ ਹੈ'। ਪਹਿਲਾਂ ਤਾਂ ਪੰਡਿਤ ਜੀ ਨੇ ਕੁਝ ਨਹੀਂ ਕਿਹਾ, ਜਦੋਂ ਸਾਰਿਆਂ ਨੇ ਪੁੱਛਿਆ, ਬਾਅਦ ਵਿੱਚ ਪਤਾ ਲੱਗਾ ਕਿ 'ਖ਼ਾਨ ਚਾਚਾ' ਕਾਬੁਲ ਵਿੱਚ 'ਨੇਤਾ ਜੀ ਸੁਭਾਸ਼ ਚੰਦਰ ਬੋਸ' ਦੇ ਆਉਣ ਦੀ ਖ਼ਬਰ ਦੇ ਰਹੇ ਸਨ।

ਸ਼੍ਰੀਮਤੀ ਵੀਨਾ ਜੀ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਜੀ ਨੇ ਸ਼੍ਰੀਮਦ ਭਗਵਦ ਗੀਤਾ ਦੇ ਇਸ ਅਨੁਵਾਦ ਦਾ ਕੁਝ ਹਿੱਸਾ 'ਗੁਰੂਦੇਵ ਰਬਿੰਦਰਨਾਥ ਜੀ' ਨੂੰ ਸੁਣਾਇਆ ਜਦੋਂ ਗੁਰੂਦੇਵ ਲਾਹੌਰ ਆਏ ਅਤੇ ਲਾਲਾ ਧਨੀ ਰਾਮ ਭੱਲਾ ਜੀ ਦੀ ਕੋਠੀ ਵਿੱਚ ਰਹੇ। ਗੁਰੂਦੇਵ ਰਬਿੰਦਰ ਨਾਥ ਜੀ ਨੂੰ ਇਹ ਅਨੁਵਾਦ ਬਹੁਤ ਪਸੰਦ ਆਇਆ।

ਉਨ੍ਹਾਂ ਦੀ ਦੂਜੀ ਧੀ ਸ਼੍ਰੀਮਤੀ ਕ੍ਰਿਸ਼ਨਾ ਜੀ ਦੀ ਧੀ ਸ਼੍ਰੀਮਤੀ ਨੀਰਾ ਸ਼ਰਮਾ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੀ ਮਾਂ (ਸ਼੍ਰੀਮਤੀ ਕ੍ਰਿਸ਼ਨਾ) ਛੋਟੀ ਸੀ, ਉਹ ਸ਼ਹੀਦ ਭਗਤ ਸਿੰਘ ਜੀ ਦੀ ਮਾਂ ਨੂੰ ਲਾਹੌਰ ਵਿੱਚ ਉਨ੍ਹਾਂ ਦੇ ਘਰ ਮਿਲੇ ਸਨ। ਪੰਡਿਤ ਜੀ ਨੇ ਉਨ੍ਹਾਂ ਨਾਲ ਜਾਣ-ਪਛਾਣ ਕਰਵਾਈ ਸੀ ਅਤੇ ਉਨ੍ਹਾਂ ਨੇ ਭਗਤ ਸਿੰਘ ਦੀ ਮਾਤਾ ਜੀ ਨੂੰ ਝੁਕ ਕੇ ਪ੍ਰਣਾਮ ਕੀਤਾ ਸੀ।

ਮੇਰੀ ਮਾਂ, ਮਰਹੂਮ ਸਵਰਾਜ ਸ਼ਰਮਾ, ਨੇ ਮੈਨੂੰ ਦੱਸਿਆ ਸੀ ਕਿ ਮੇਰੇ ਨਾਨਾ ਜੀ (ਮਰਹੂਮ ਰਾਮ ਸਰਨ ਦਾਸ) ਨੇ ਆਜ਼ਾਦੀ ਲਹਿਰ ਨਾਲ ਜੁੜੀ 'ਸਵਰਾਜ ਪਾਰਟੀ' ਦੇ ਨਾਂ 'ਤੇ ਉਨ੍ਹਾਂ ਦਾ (ਮੇਰੀ ਮਾਂ) ਨਾਂ ਰਖਿਆ ਸੀ। ਉਸ ਨੇ ਇਹ ਵੀ ਕਿਹਾ ਕਿ ਉਹ ਇਨਕਲਾਬੀ ਕਵਿਤਾਵਾਂ ਲਿਖਦੇ ਸਨ ਅਤੇ ਇਹ ਕਵਿਤਾਵਾਂ ਪੰਡਿਤ ਜੀ ਆਪਣੇ ਅਸਲ ਨਾਮ ਨਾਲ ਨਹੀਂ, ਬਲਕਿ ਅਪਣਾਏ ਹੋਏ ਕਿਸੇ ਹੋਰ ਨਾਮ ਨਾਲ ਲਿਖਦੇ ਸਨ।

ਕੁਝ ਹੋਰ ਸੰਸਮਰਣ

ਹਾਲ ਹੀ ਵਿੱਚ ਮੇਰਾ ਸੰਪਰਕ ਸ੍ਰੀ ਸੁਭਾਸ਼ ਸ਼ਰਮਾ ਜੀ ਨਾਲ ਹੋਇਆ, ਜੋ ਪੰਡਿਤ ਬਰਕਤ ਰਾਮ 'ਯੁਮਨ' ਜੀ ਦੇ ਪੋਤਰੇ ਹਨ ਅਤੇ ਨਵੀਂ ਦਿੱਲੀ ਵਿੱਚ ਰਹਿੰਦੇ ਹਨ। ਉਨ੍ਹਾਂ ਨੇ ਜੋ ਹੋਰ ਯਾਦਾਂ ਸਾਂਝੀਆਂ ਕੀਤੀਆਂ, ਉਹ ਹੇਠ ਲਿਖੀਆਂ ਹਨ :

ਪੰਜਾਬੀ ਕਵੀ, ਉਸਤਾਦ ਸ਼ਾਇਰ ਸ਼੍ਰੀ ਬਰਕਤ ਰਾਮ 'ਯੁਮਨ' ਜੀ ਦੇ ਪੁੱਤਰ ਸ਼੍ਰੀ ਸੁਭਾਸ਼ ਸ਼ਰਮਾ ਜੀ ਨੇ ਦੱਸਿਆ ਕਿ ਪੰਡਿਤ ਰਾਮ ਸਰਨ ਜੀ ਉਨ੍ਹਾਂ ਦੇ ਦਾਦਾ ਜੀ ਦੇ ਕਾਵਿ ਗੁਰੂ ਸਨ। ਦੋਵਾਂ ਵਿੱਚ ਬਹੁਤ ਸਨੇਹ ਸੀ। ਇਹ ਦੋਵੇਂ ਅਤੇ ਨਾਲ ਦੂਸਰੇ ਕਵੀ ਸਾਥੀ ਆਜ਼ਾਦੀ ਲਈ ਅੰਗਰੇਜ਼ਾਂ ਦੇ ਖ਼ਿਲਾਫ਼ ਕਵਿਤਾਵਾਂ ਪੜ੍ਹਦੇ ਸਨ।

ਸ਼੍ਰੀ ਸੁਭਾਸ਼ ਸ਼ਰਮਾ ਜੀ ਨੇ ਇਹ ਵੀ ਦਸਿਆ ਕਿ ਜਿਸ ਦਿਨ ਪੰਡਿਤ ਜੀ ਦੀ ਮੌਤ ਹੋਈ ਸੀ, ਉਸ ਦਿਨ ਪੰਡਿਤ ਬਰਕਤ ਰਾਮ ਯੁਮਨ ਜੀ ਉਨ੍ਹਾਂ ਕੋਲ ਹੀ ਸਨ। ਉਸ ਦਿਨ ਬਹੁਤ ਤੇਜ਼ ਬਾਰਿਸ਼ ਹੋਈ ਸੀ ਅਤੇ ਉਨ੍ਹਾਂ ਦਾ ਅੰਤਮ ਸੰਸਕਾਰ ਕਰਨ 'ਚ ਬਹੁਤ ਔਖ ਹੋਈ ਸੀ।

ਸ਼੍ਰੀ ਸੁਭਾਸ਼ ਸ਼ਰਮਾ ਜੀ ਨੇ ਆਪਣੀ ਭੂਆ ਜੀ ਸ਼੍ਰੀਮਤੀ ਪ੍ਰਕਾਸ਼ਵਤੀ ਜੀ ਨਾਲ ਪੰਡਿਤ ਜੀ ਬਾਰੇ ਗੱਲ ਕੀਤੀ ਸੀ। ਸ਼੍ਰੀਮਤੀ ਪ੍ਰਕਾਸ਼ਵਤੀ ਬਟਾਲਾ ਸ਼ਹਿਰ ਵਿੱਚ ਰਹਿਣ ਵਾਲੀ ਇੱਕ 90 ਸਾਲਾਂ ਦੀ ਔਰਤ ਹੈ। ਉਹ 1947 ਵਿੱਚ 16 ਸਾਲ ਦੇ ਸਨ। ਸ਼੍ਰੀਮਤੀ ਪ੍ਰਕਾਸ਼ਵਤੀ ਜੀ ਨੇ ਸ੍ਰੀ ਸੁਭਾਸ਼ ਜੀ ਨੂੰ ਦਸਿਆ ਕਿ ਉਨ੍ਹਾਂ ਨੇ ਪੰਡਿਤ ਜੀ ਨੂੰ ਲਾਹੌਰ ਦੇ ਗਵਾਲ ਮੰਡੀ ਮੁਹੱਲੇ ਦੀ ਇਤਿਹਾਸਕ ਇਮਾਰਤ 'ਅੰਮ੍ਰਿਤਧਾਰਾ' ਦੇ ਹਾਲ ਵਿੱਚ ਆਯੋਜਿਤ ਕਵੀ ਦਰਬਾਰਾਂ ਵਿੱਚ ਕਈ ਵਾਰ ਵੇਖਿਆ ਸੀ। ਸ਼੍ਰੀਮਤੀ ਪ੍ਰਕਾਸ਼ਵਤੀ ਜੀ ਨੇ ਅੱਗੇ ਦੱਸਿਆ ਕਿ ਉਹ ਇੱਕ ਬਹੁਤ ਵਡੇ ਵਿਦਵਾਨ ਅਤੇ ਦੇਸ-ਭਗਤ ਸਨ। ਉਹ ਗੋਰੇ ਰੰਗ ਦੇ ਸਨ ਅਤੇ ਚਸ਼ਮਾ ਲਾਉਂਦੇ ਸਨ। ਉਹ ਸਿਲਕ ਦਾ ਕੁੜਤਾ ਅਤੇ ਹਿੰਦੂ ਵਿਦਵਾਨਾਂ ਵਾਂਗ ਧੋਤੀ ਲਾਉਂਦੇ ਸਨ।

ਡਾ. ਵਿਭਾ ਸ਼ਰਮਾ
ਮਰਹੂਮ ਪੰਡਿਤ ਰਾਮ ਸਰਨ ਐਡਵੋਕੇਟ ਜੀ ਦੀ ਦੋਹਤੀ,
ਸਹਾਇਕ ਪ੍ਰੋਫ਼ੈਸਰ (ਰਿਟਾਇਰਡ),
ਐੱਮ. ਸੀ. ਐੱਮ. ਡੀ. ਏ. ਵੀ. ਕਾਲਜ ਫਾਰ ਵਿਮੈਨ,
ਸੈਕਟਰ 36, ਚੰਡੀਗੜ੍ਹ।
ਈ-ਮੇਲ : vibhasharma9@gmail.com

ਪੰਜਾਬ ਦੇ ਗੀਤ
(ਪੰਜਾਬੀ ਵੀਰਾਂ ਤੇ ਭੈਣਾਂ ਦੀ ਸੇਵਾ ਵਿੱਚ)
ਸਾਡਾ ਢੌਆ

ਫੁਲਵਾੜੀ ਮਾਸਿਕ ਪੱਤਰ ਨਵੰਬਰ 1924 ਨੂੰ ਅੰਮ੍ਰਿਤਸਰ ਤੋਂ ਜਾਰੀ ਹੋਇਆ ਅਤੇ ਇਸ ਦਾ ਮੁੱਖ ਉਦੇਸ਼ ਸੀ : 'ਪੰਜਾਬ ਅਤੇ ਪੰਜਾਬੀ ਵੀਰਾਂ-ਭੈਣਾਂ ਦੀ ਸੇਵਾ ਕਰਨਾ।' ਸਾਨੂੰ ਖ਼ੁਸ਼ੀ ਹੈ ਕਿ ਫੁਲਵਾੜੀ ਦੀ ਸੇਵਾ ਸਾਡੇ ਸੱਜਣਾਂ-ਮਿੱਤਰਾਂ ਨੇ ਕਬੂਲ ਕੀਤੀ ਅਤੇ ਉਨ੍ਹਾਂ ਫੁਲਵਾੜੀ ਨੂੰ ਪ੍ਰੇਮ ਜਲ ਨਾਲ ਸਿੰਜਿਆ ਤੇ ਇਸਨੂੰ ਮਹਿਕਾਉਣ ਵਿੱਚ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਵਾਹਿਗੁਰੂ ਦੀ ਕ੍ਰਿਪਾ ਅਤੇ ਫੁਲਵਾੜੀ ਦੇ ਪ੍ਰੇਮੀ ਸਜਣਾਂ ਤੇ ਪੰਜਾਬੀ ਦੇ ਪਿਆਰਿਆਂ ਦੀ ਮਦਦ ਨਾਲ ਸਾਨੂੰ ਚੰਗੀ ਕਾਮਯਾਬੀ ਹੋਈ। ਜਨਵਰੀ, 1931 'ਚ ਅਸੀਂ ਆਪਣਾ ਦਫ਼ਤਰ ਲਾਹੌਰ ਲੈ ਆਏ। 'ਦਿ ਪੰਜਾਬ ਪ੍ਰੈੱਸ ਲਿਮਟਿਡ' ਨਾਮ ਦੀ ਕੰਪਨੀ ਰਜਿਸਟਰ ਕਰਵਾਈ। ਇਸ ਦਾ ਸਰਮਾਇਆ 1 ਲੱਖ ਰੁਪਏ ਰੱਖਿਆ। ਫੁਲਵਾੜੀ, ਫੁਲਵਾੜੀ ਪ੍ਰੈੱਸ ਅਤੇ ਫੁਲਵਾੜੀ ਪੁਸਤਕ ਭੰਡਾਰ ਇਸ ਕੰਪਨੀ ਦੇ ਇੰਤਜ਼ਾਮ ਵਿੱਚ ਕਰ ਦਿਤੇ। ਇਸ ਕੰਪਨੀ ਦਾ ਮੁੱਖ ਉਦੇਸ਼ ਉੱਚੇ ਤੇ ਸੱਚੇ ਲਿਟਰੇਚਰ ਦਾ ਵਾਧਾ ਕਰ ਕੇ ਪੰਜਾਬੀ ਵੀਰਾਂ-ਭੈਣਾਂ ਦੀ ਸੇਵਾ ਕਰਨਾ ਹੈ। ਸਾਡੀ ਇੱਛਾ ਸੀ ਕਿ ਪਹਿਲੇ ਸਾਲ ਵਿੱਚ ਅਸੀਂ ਪੰਜਾਬੀ ਵੀਰਾਂ-ਭੈਣਾਂ ਦੀ ਸੇਵਾ ਵਿੱਚ ਕੋਈ ਚੰਗਾ ਜਿਹਾ ਢੌਆ ਪੇਸ਼ ਕਰੀਏ। ਆਮ ਰਿਵਾਜ ਐ ਕਿ ਜਿਸ ਦੇ ਅੱਗੇ ਢੌਆ ਪੇਸ਼ ਕਰਨਾ ਹੋਵੇ, ਉਸ ਵਸਤੂ ਦਾ ਹੀ ਪੇਸ਼ ਕਰਨਾ ਚਾਹੀਦਾ ਹੈ, ਜੋ ਉਸ ਨੂੰ ਬਹੁਤ ਪਿਆਰੀ ਲਗੇ। ਜਿਵੇਂ ਰਾਜਿਆਂ-ਮਹਾਰਾਜਿਆਂ ਨੂੰ ਘੋੜੇ ਤੇ ਸ਼ਸਤਰ ਚੰਗੇ ਲੱਗਦੇ ਹਨ, ਇਸਤਰੀਆਂ ਨੂੰ ਗਹਿਣੇ-ਕੱਪੜੇ ਪਸੰਦ ਆਉਂਦੇ ਨੇ ਤੇ ਗ਼ਰੀਬਾਂ ਨੂੰ ਧਨ ਬਹੁਤ ਭਾਉਂਦਾ ਹੈ, ਇਸੇ ਤਰ੍ਹਾਂ ਸਾਡੇ ਆਮ ਪੰਜਾਬੀ ਵੀਰਾਂ-ਭੈਣਾਂ ਨੂੰ ਆਪਣੇ ਵਤਨ ਦੇ ਗੀਤ ਬਹੁਤ ਹੀ ਪਿਆਰੇ ਲਗਦੇ ਹਨ।

ਵਾਗੀ ਵੱਗ ਚਾਰਦੇ ਗੀਤ ਗਾਉਂਦੇ ਫਿਰਦੇ ਹਨ, ਮੁਸਾਫ਼ਿਰ ਜਾਂਦੇ ਦੋਹੜੇ ਲਾਉਂਦੇ ਹਨ, ਪੀਂਘਾਂ ਝੂਟਦੀਆਂ ਤੇ ਤ੍ਰਿੰਞਣ 'ਤੇ ਬੈਠੀਆਂ ਬੀਬੀਆਂ ਪ੍ਰੇਮ ਭਰੇ ਰਾਗ ਗਾਉਂਦੀਆਂ ਹਨ, ਮੁੰਡੇ-ਕੁੜੀਆਂ ਖੇਡਦੇ-ਨੱਚਦੇ ਹਨ ਤਾਂ ਵੀ ਤਾਲ ਨਾਲ ਤੇ ਸੁਰ ਨਾਲ। ਗੱਲ ਕੀ, ਪੰਜਾਬ ਦਾ ਬੱਚਾ-ਬੱਚਾ ਆਪਣੇ ਦੇਸ ਦੇ ਗੀਤਾਂ 'ਤੇ ਮੋਹਿਤ ਰਹਿੰਦਾ ਹੈ। ਇਸ ਵਾਸਤੇ ਅਸਾਂ ਨੇ ਸੋਚਿਆ ਕਿ ਐਤਕਾਂ ਅਸੀਂ ਆਪਣੇ ਵੀਰਾਂ ਤੇ ਭੈਣਾਂ ਦੀ ਸੇਵਾ ਵਿੱਚ ਪੰਜਾਬ ਦੇ ਸੋਹਣੇ-ਸੋਹਣੇ ਤੇ ਚੁਣੇ ਹੋਏ ਮਿੱਠੇ ਤੇ ਪਿਆਰੇ ਗੀਤਾਂ ਦਾ ਢੌਆ ਪੇਸ਼ ਕਰੀਏ।

ਸਾਨੂੰ ਬੜੀ ਖ਼ੁਸ਼ੀ ਹੋਈ ਹੈ ਕਿ ਸ਼੍ਰੀਮਾਨ ਪੰਡਿਤ ਰਾਮ ਸਰਨ ਸਾਹਿਬ, ਐਡਵੋਕੇਟ, ਲਾਹੌਰ ਨੇ ਬੜੀ ਮਿਹਨਤ ਨਾਲ ਜੋ ਗੀਤ ਇਕੱਠੇ ਕੀਤੇ ਹਨ, ਸਾਨੂੰ ਛਾਪਣ ਵਾਸਤੇ

ਦਿੱਤੇ ਹਨ। ਇਹ ਗੀਤ ਕੀ ਹਨ—ਸਾਰੇ ਪੰਜਾਬ ਦਾ ਪ੍ਰੇਮ ਤੇ ਪਿਆਰ ਦਾ ਦਰਿਆ ਹਨ। ਕੋਈ ਵੀ ਅਜਿਹਾ ਗੀਤ ਨਹੀਂ, ਜਿਸ ਨੂੰ ਪੜ੍ਹੀਏ ਤੇ ਆਪਣੇ ਪਿਆਰੇ ਪੰਜਾਬ ਦਾ ਪਿਆਰ ਸਾਡੇ ਹਿਰਦੇ ਵਿੱਚ ਲਹਿਰਾਂ ਨਾ ਲੈਣ ਲੱਗ ਪਵੇ। ਸਾਨੂੰ ਬੜੀ ਹੀ ਖ਼ੁਸ਼ੀ ਹੋਈ ਹੈ ਕਿ ਅਸੀਂ ਇਹੋ ਜਿਹੀ ਸੋਹਣੀ ਤੇ ਅਮੋਲਕ ਸੁਗਾਤ ਦਾ ਢੋਆ ਪਿਆਰੇ ਪੰਜਾਬੀ ਵੀਰਾਂ ਅੱਗੇ ਪੇਸ਼ ਕਰਨ ਦੇ ਯੋਗ ਹੋ ਸਕੇ ਹਾਂ।

ਸਾਨੂੰ ਆਸ਼ਾ ਹੈ ਕਿ ਸਾਡੀਆਂ ਭੈਣਾਂ-ਬੀਬੀਆਂ ਤਾਂ ਜ਼ਰੂਰ ਹੀ ਇਸ ਨੂੰ ਪਸੰਦ ਕਰਨਗੀਆਂ, ਸਗੋਂ ਸਾਡੇ ਭਰਾ ਵੀ ਬੜੇ ਸੁਆਦ ਨਾਲ ਇਸ ਨੂੰ ਪੜ੍ਹਨਗੇ।

ਅਸੀਂ ਇਸ ਸਿਲਸਿਲੇ ਵਿੱਚ ਕਈ ਹੋਰ ਕਿਤਾਬਾਂ ਵੀ ਛਾਪਣ ਦਾ ਇਰਾਦਾ ਰੱਖਦੇ ਹਾਂ। ਪੰਡਿਤ ਜੀ ਪਾਸ ਇਸ ਸਿਲਸਿਲੇ ਦਾ ਬਹੁਤ ਸਾਰਾ ਮਸਾਲਾ ਜਮ੍ਹਾ ਪਿਆ ਹੈ। ਜੇ ਪਾਠਕਾਂ ਨੇ ਇਸ ਕਿਤਾਬ ਦੀ ਯੋਗ ਕਦਰ ਕੀਤੀ ਅਤੇ ਸਾਡਾ ਉਤਸ਼ਾਹ ਵਧਾਇਆ ਤਾਂ ਅਸੀਂ ਬਹੁਤ ਛੇਤੀ ਇਸ ਨਾਲੋਂ ਵੀ ਵਧੀਆ-ਵਧੀਆ ਕਿਤਾਬਾਂ ਆਪ ਦੇ ਅੱਗੇ ਪੇਸ਼ ਕਰਾਂਗੇ।

-ਹੀਰਾ ਸਿੰਘ ਦਰਦ
ਆਡੀਟਰ ਫੁਲਵਾੜੀ ਅਤੇ ਮੈਨੇਜਿੰਗ ਏਜੰਟ,
'ਦਿ ਪੰਜਾਬ ਪ੍ਰੈੱਸ ਲਿਮ.' ਲਾਹੌਰ।

ਸਮਰਪਣ

ਪੰਜਾਬ ਦੀਆਂ ਉਨ੍ਹਾਂ ਲੋਕ-ਕਵਿਤਰੀਆਂ ਨੂੰ

ਜਿਨ੍ਹਾਂ ਨੇ

ਗੁਮਨਾਮ ਰਹਿ ਕੇ

ਲੋਕ-ਗੀਤਾਂ ਨੂੰ

ਜਿਊਂਦਿਆਂ ਰੱਖਿਆ

ਪੰਜਾਬ ਦੇ ਗੀਤਾਂ ਦੀ ਫ਼ਰਿਸਤ

ਨੰਬਰ	ਮਜ਼ਮੂਨ	ਨੰਬਰ ਸਫ਼ਾ
	ਦੀਬਾਚਾ	27-40
ਢੋਲਕੀ ਦੇ ਗੀਤ		**41-103**
1.	ਮਹਿੰਦੀ	42
2.	ਮਾਹੀ ਦੀ ਨਿਸ਼ਾਨੀ	43
3.	ਕਮਲੀ ਦਿਆ ਸਾਈਂ	44
4.	ਪੀਆ ਦੀ ਬੰਦੀ	45
5.	ਮੈਂ ਤੈਨੂੰ ਕੀ ਆਖਾਂ	46
6.	ਜੜਾਊ ਬੁੰਦੇ	47
7.	ਮੋੜ ਮੁਹਾਰਾਂ ਨੂੰ	48
8.	ਉੱਡ ਚਿੜੀਏ	49
9.	ਪਿੱਪਲ ਦਿਆ ਪੱਤਿਆ	50
10.	ਨਿੱਕਾ ਮੋਟਾ ਬਾਜਰਾ	51-52
11.	ਛੱਲਾ ਪਿਆ ਬਨੇਰੇ	53-54
12.	ਮੇਰੀ ਮੁੰਦਰੀ	55
13.	ਵੰਙਾਂ	56
14.	ਕੁਪੱਤੀ ਸੱਸ	57
15.	ਜ਼ਾਲਮਾ ਸੂਈ	58
16.	ਪੱਖੀ ਦੀ ਲੋੜ	59
17.	ਜਵਾਨੀ ਦੀਆਂ ਮੀਢੀਆਂ	60
18.	ਕੰਨਾਂ ਦੀਆਂ ਵਾਲੀਆਂ	61-62
19.	ਨੱਕ ਦਾ ਲੌਂਗ	63
20.	ਨਿੱਕਾ ਕੱਤਦੀ ਸਾਂ	64
21.	ਕਿੱਕਰੀ ਹੇਠ ਖਲੋਤੜੀਏ	65
22.	ਮਾਂ ਦਾ ਪਿਆਰ	66
23.	ਕਸੂਰੀ ਜੁੱਤੀ	67
24.	ਰਾਵਲ ਪਿੰਡੀ ਦੇ ਬੁੰਗੇ	68

25.	ਹੱਥ ਕੰਘੀ	69
26.	ਚੀਰੇ ਵਾਲੇ ਦੀ ਯਾਦ	70
27.	ਬਹਾਰ ਆਈ	71-72
28.	ਅਸਾਂ ਮਾਹੀ ਦੀ ਲੋੜ ਕੋਈ ਨਾ	73
29.	ਬਲੋਚਾ ਜ਼ਾਲਮਾ	74-75
30.	ਨੌਕਰ ਮਾਹੀ	76
31.	ਕੁੜਤੀ ਰੀਲ ਦੀਏ	77
32.	ਕਲੇਜੇ ਦੀ ਦਰਦ	78
33.	ਗੁਜਰੀ ਦੀ ਪੀਂਘ	79
34.	ਮਾਹੀ ਦੀ ਜੁਦਾਈ	80
35.	ਅੱਖੀਆਂ	81
36.	ਰੋੜਾ	82
37.	ਸੱਸੀਏ ਬੇਖ਼ਬਰੇ	83
38.	ਸਾਵੀਆਂ ਪੀਲੀਆਂ ਵੰਙਾਂ	84
39.	ਤੇਰੀ ਖ਼ਾਤਰ	85
40.	ਤੈਨੂੰ ਵਰਜ ਰਹੀਆਂ ਵੇ	86
41.	ਫੁੱਲ ਮੋਤੀਏ ਦਾ ਕੁਮਲਾਇਆ	87
42.	ਬੂੰਦਾਂ ਬਰਸ ਰਹੀਆਂ	88
43.	ਮੈਂ ਬੀਜਾਂ ਵੇ ਗਾਜਰਾਂ	89
44.	ਮੋੜ ਮੁਹਾਰਾਂ	90
45.	ਪੀਲੂੰ ਪੱਕੀਆਂ	91
46.	ਮੇਰਿਆ ਵੇ ਮਾਹੀਆ	92
47.	ਇਨ੍ਹਾਂ ਜੋਗੀਆਂ ਨੇ	93
48.	ਨਿੰਮੀ ਨਿੰਮੀ ਬੀਨ ਵੱਜੇ	94-95
49.	ਰੋਹੀ ਬਣਾ ਲਈ ਆ ਦੇਸ ਵਤਨ	96-97
50.	ਜੁੱਤੀ ਨਾਰੋਵਾਲ ਦੀ	98
51.	ਕਦਰ ਮਿਲੀ	99
52.	ਹਾਏ ਗੁਲਾਬੀ ਗਜਰੇ	100
53.	ਅੜੀਓ ਕਾਗ ਬਨੇਰੇ ’ਤੇ ਬੋਲਿਆ	101

54. ਮਾਰੀ ਤੇਰਿਆਂ ਗ਼ਮਾਂ ਦੀ 102
55. ਝੋਕ 103

ਲੰਮੇ ਗੀਤ **105-153**

56. ਜੰਮੂ ਸ਼ਹਿਰ ਵਸੇਂਦਿਆ 106
57. ਖੂਹ ’ਤੇ ਪਾਣੀ ਭਰੇਂਦੀਏ 107
58. ਏਸ ਕੁਵੇਲੜੇ ਨੀ 108
59. ਤਿਲੀਅਰ ਕਾਗਾ 109-110
60. ਹਰਿਆਲਿਆ ਤੂਤਾ 111
61. ਰੱਬਾ ਕਿਤੇ ਮਿਲੀਏ 112
62. ਟਾਹਲੀਆਂ ਪੱਤਾਂ ਵਾਲੀਆਂ 113-115
63. ਜੋਬਨ ਵੰਡੀਏ 116
64. ਸੋਹਣੀ ਦਾ ਪ੍ਰੇਮ 117-118
65. ਬੇਟਾ ਏਂ ਰਾਜੜੇ ਦਾ 119-120
66. ਅੰਬਾਂ ਦਾ ਬੂਰ 121-122
67. ਖਿੜ ਕਲੀਏ 123
68. ਰੁੱਠੜਾ ਕਿਉਂ ਨੀ ਫਿਰੇ 124
69. ਹਲ ਵਾਂਹਦੇ ਚੰਗੇ 125
70. ਰੁੱਠੜਾ ਨਾ ਜਾਈਂ 126
71. ਚੌਂਕ ਘੜਾਇਆ 127
72. ਆਇਆ ਨਾ ਕੌਂਤ 128
73. ਵਣਜਾਰਾ ਫਿਰਦਾ 129-130
74. ਰੋੜੇ ਗੋਹੇ ਚੁਗਦੀਏ ਮੁਟਿਆਰੇ ਨੀ 131-132
75. ਮੋੜ ਘੋੜਾ ਛਾਵੇਂ ਬਹਿ ਜਾਈਂ 133
76. ਮੈਨੂੰ ਸੁਫਨਾ ਆਇਆ 134-135
77. ਬੇਸਮਝਾ ਬੇਦਰਦਾ 136
78. ਜਾਨੀ ਨਜ਼ਰ ਨਾ ਆਵੇ 137
79. ਇੱਥੇ ਵੱਸੇਗਾ ਕਿਹੜਾ 138
80. ਵੇ ਘਰ ਲੂਣ ਹੈ ਨਹੀਂ 139
81. ਝੁੱਲ ਝੁੱਲ ਬਰੋਟਿਆ 140-141

82. ਕਦੋਂ ਮਤ ਸੰਭਲੇਂਗਾ 142
83. ਸਾਵਣ ਪੰਧ ਨਾ ਪਈਏ 143
84. ਪਟਵਾਰੀ ਮੁੰਡਿਆ 144
85. ਤੂੰ ਕਿਹੜੇ ਦੁੱਖੋਂ ਕਾਲ਼ਾ ਹੋਇਓਂ 145
86. ਕਦੇ ਚੰਦ ਤੇ ਬੰਦ ਮਨਾਂ ਪਹਿਨਦਾ ਸੈਂ 146
87. ਪਰਦੇਸੀ ਜੋਗੀ 147
88. ਸ਼ਿਮਲੇ ਦੀ ਔਖੀ ਘਾਟੀ 148
89. ਢੋਲਾ ਤੇਰੀ ਕਿਨ ਮੱਤ ਮਾਰੀ 149
90. ਨੀਲੇ ਘੋੜੇ ਵਾਲ਼ਿਆ 150
91. ਚਿੱਠੀ ਮੂੰਹੋਂ ਨਈਂ ਬੋਲਦੀ 151
92. ਬੀਨ ਵਜਾਈ ਰਾਂਝੇ ਚਾਕ 152
93. ਲਾਲ ਨਹੀਂ ਘਰ ਮੇਰਾ 153

ਵਿਆਹ-ਸ਼ਾਦੀਆਂ, ਵਧਾਈ ਤੇ ਪੁਤਰ ਜੰਮਣ ਦੇ ਗੀਤ 155-164

94. **ਘੋੜੀਆਂ—**ਘੋੜੀ–1 156
95. ਘੋੜੀ–2 156
96. ਘੋੜੀ–3 156
97. ਘੋੜੀ–4 157
98. ਘੋੜੀ–5 157
99. ਘੋੜੀ–6 158
100. ਘੋੜੀ–7 158
101. ਘੋੜੀ–8 159
102. **ਸੁਹਾਗ—**ਸੁਹਾਗ–1 160
103. ਸੁਹਾਗ–2 160
104. ਸੁਹਾਗ–3 161
105. ਕੰਘੀਏ ਨੀ ਰੰਗ ਰੱਤੀਏ 162

ਡੋਲ਼ੀ ਟੋਰਨ ਸਮੇਂ ਦੇ ਗੀਤ 163-169

106. ਗਲੀਆਂ ਹੋਈਆਂ ਬਾਬਲ ਭੀੜੀਆਂ 164-165
107. ਤੁਸੀਂ ਕਿਉਂ ਨਿਵਿਓ ਮਾਪਿਓ 166
108. ਰਖ ਲੈ ਬਾਬਲਾ 167

109. ਸਾਡਾ ਚਿੜੀਆਂ ਦਾ ਚੰਬਾ ਵੇ 168
110. ਨਾ ਰੋ ਨੀ ਮੇਰੀ ਬੀਬੀ 169
ਵਧਾਈ ਤੇ ਪੁੱਤਰ ਜੰਮਣ ਦੇ ਗੀਤ 171-176
111. ਸੋਹਲੜੇ 172
112. ਕੋਠੇ ਉੱਤੇ ਕੋਟ 173
113. ਪੁੱਤਰ ਹੱਟਾਂ 'ਤੇ ਨਹੀਂ ਵਿਕਦੇ 174-175
114. ਫੁੱਲਝੜੀਆਂ 176
ਭੈਣਾਂ-ਭਰਾਵਾਂ ਦੇ ਗੀਤ 177-188
115. ਵੇ ਵਿਛੋੜਾ ਮੰਦਾ 178
116.ਚੱਲਿਆਂ ਬੀਬੀ ਤੇਰੇ ਪੇਕੜੇ 179-180
117. ਅੰਮਾਂ ਜਾਇਆ ਵੀਰ 181
118. ਉੱਬਲ ਉੱਬਲ ਵਲਟੋਹੀਏ 182
119. ਭਰਾ ਦੀ ਉਡੀਕ 183
120. ਉੱਡਦਾ ਜਾਵੀਂ ਕਾਵਾਂ 184
121. ਚੰਨਾ ਵੇ ਤੇਰੀ ਚਾਨਣੀ 185
122. ਛਿੱਕੇ 'ਤੇ ਦੋ ਮੱਖੀਆਂ 186-188
ਪਹਾੜੀ, ਪੋਠੋਹਾਰੀ ਤੇ ਲਹਿੰਦੀ ਗੀਤਾਂ ਦੇ ਨਮੂਨੇ 189-199
123. ਏਡਨ ਏਡਨ ਭੁੱਲਿਆ ਵੇ (ਪਹਾੜੀ) 190
124. ਜੋਬਨ ਸੋਹਣਿਆਂ ਦਾ (ਪਹਾੜੀ) 191
125. ਦਿਖੀ ਛੋੜੇ ਧਰਮ ਤੁਸਾਡੜੇ (ਪਹਾੜੀ) 192
126. ਮਾੜ੍ਹੇ ਕੀ ਮੰਦਾ ਬੋਲਣਾ ਨਾ (ਪਹਾੜੀ) 193
127. ਖੂਹਾ ਗੜੇਂਦਿਆ ਮੈਂਡੀ ਬਾਂਹ (ਪਹਾੜੀ) 194
128. ਤਾਰੀ ਸੱਜਣਾ (ਪਹਾੜੀ) 195
129. ਵੀਣੀ ਮੈਂਡੀ ਪਤਲੀ ਏ (ਪੋਠੋਹਾਰੀ) 196-197
130. ਢੋਲਾ (ਪੋਠੋਹਾਰੀ) 198
131. ਨਾ ਵੰਞ ਨਾ ਵੰਞ (ਲਹਿੰਦੀ) 199

(ਦੀਬਾਚਾ)

ਪੰਜਾਬ ਦੀ ਜ਼ਿੰਦਗੀ ਵਿੱਚ ਆਰਟ ਤੇ ਸ਼ਾਇਰੀ ਕੁੱਟ-ਕੁੱਟ ਕੇ ਭਰੇ ਹੋਏ ਨੇ। ਪੰਜਾਬ ਦੇ ਬੱਚੇ, ਪੰਜਾਬ ਦੇ ਮੁੰਡੇ, ਪੰਜਾਬ ਦੀਆਂ ਕੁੜੀਆਂ, ਪੰਜਾਬ ਦੀਆਂ ਮਾਂਵਾਂ ਆਪਣੇ ਦਿਲ ਦੀਆਂ ਗੱਲਾਂ ਨੂੰ ਸਾਦੀ ਤੇ ਜ਼ੋਰਦਾਰ ਪੰਜਾਬੀ ਕਵਿਤਾ ਵਿੱਚ ਬਿਆਨ ਕਰਨ 'ਚ ਉਸਤਾਦ ਨੇ।

ਤੁਸੀਂ ਕਿਸੇ ਬੱਚੇ ਨੂੰ, ਜਿਹੜਾ ਕਿ ਅਜੇ ਟੂੰ-ਟਾਂ ਕਰਨਾ ਮੁਸ਼ਕਿਲ ਨਾਲ ਸਿੱਖਿਆ ਹੈ, ਕਹਿ ਦਿਓ ਕਿ ਕਾਕਾ ਕੋਈ ਚਿੜੀ-ਕਾਂ ਦੀ ਬਾਤ ਸੁਣਾ, ਉਹ ਤੋਤਲੀ ਜ਼ੁਬਾਨ ਨਾਲ ਝੱਟ ਬੋਲ ਪਵੇਗਾ :

ਚੀਂ-ਚੀਂ ਮੇਰਾ ਪੂੰਝਾ ਸੜਿਆ,
ਕਿਉਂ ਪਰਾਇਆ ਖਿੱਚੜ ਖਾਧਾ।
ਜਾਂ
ਖਾਹ ਚਿੜੀ ਦੇ ਚੋਚਲੇ ਮੈਂ ਕਾਗ ਮਰੋੜਾਂ
ਜਾਂ
ਕਾਂ ਗੁਲੇਲਾ ਸੁੱਟੇ ਨਾ,
ਚਿੜੀ ਵਿਚਾਰੀ ਕੀ ਕਰੇ
ਠੰਡਾ ਪਾਣੀ ਪੀ ਮਰੇ
ਜਾਂ
ਵਾ ਬਗੀ ਉੱਡ ਜਾਣਗੇ
ਲੱਕ ਟੁਣੂ-ਟੁਣੂ

ਇਹ ਬਾਤਾਂ ਸ਼ਾਇਰੀ ਦੇ ਪਹਿਲੇ ਸਬਕ ਨੇ, ਜਿਹੜੇ ਪੰਜਾਬੀ ਮਾਂਵਾਂ ਆਪਣੇ ਪੁੱਤਰਾਂ ਨੂੰ ਸਿਖਾਉਂਦੀਆਂ ਨੇ। ਮਾਂਵਾਂ ਬੱਚਿਆਂ ਦਾ ਮੂੰਹ ਧੋਣ ਲਗਿਆਂ ਤੇ ਅੱਖਾਂ ਵਿੱਚੋਂ ਗਿੱਦ ਲਾਹੁਣ ਲੱਗਿਆਂ ਵੀ ਕਹਿੰਦੀਆਂ ਨੇ 'ਅਚੀ-ਬਚੀ ਕੋਕੋ ਖਾਏ, ਘਿਓ ਦੀ ਚੂਰੀ ਕਾਕਾ ਖਾਏ।'

ਛੋਟੀਆਂ-ਛੋਟੀਆਂ ਬਾਲੜੀਆਂ ਨੂੰ ਗੇਂਦ ਨਾਲ ਖੇਡਦਿਆਂ ਦੇਖੋ ਤੇ ਸੁਣੋ ਕਿ ਉਹ ਮੂੰਹੋਂ ਕੀ ਕਹਿੰਦੀਆਂ ਨੇ :

ਤਿੰਨ ਤੀਰ ਖੇਡਣ ਵੀਰ
ਹੱਥ ਕਮਾਨ ਮੋਢੇ ਤੀਰ
ਢਾਲ ਵਾਲਾ ਮੇਰਾ ਵੀਰ
ਤਲਵਾਰ ਵਾਲਾ ਮੇਰਾ ਵੀਰ

ਜੁੱਤੀ ਵਾਲਾ ਤੇਰਾ ਵੀਰ
ਕੁੱਤੀ ਵਾਲਾ ਤੇਰਾ ਵੀਰ
ਜਾਂ
ਈਨੀ ਈਨੀ ਈਨੀ
ਤੇਰੀ ਲੱਸੀ ਨਹੀਉਂ ਪੀਣੀ
ਤੇਰਾ ਮੱਖਣ ਨਹੀਉਂ ਖਾਣਾ
ਜਾਂ
ਦੋ ਦੜਕਾ ਪਿਆ ਪੜਕਾ
ਮਹਾਰਾਣੀ ਘਰ ਹੋਇਆ ਨਿਕਾਹ
ਪਿਓ ਰਾਜੇ ਨੂੰ ਦਿਓ ਵਧਾਈ
ਸੇਰ ਸੱਕਰ ਮੈਨੂੰ ਆਈ
ਮੈਂ ਕੁੜੀਆਂ ਦੇ ਬੋਝੇ ਪਾਈ
ਕੁੜੀਆਂ ਸਾਰੇ ਪਿੰਡ ਧਮਾਈ
ਪਿੰਡ ਦੀ ਸੋਭਾ ਮੈਨੂੰ ਆਈ

ਤੁਸੀਂ ਆਪ ਗ਼ੌਰ ਕਰੋ ਕਿ ਇਸ ਮਾਸੂਮ ਉਮਰ ਵਿੱਚ ਬਾਲੜੀਆਂ ਵਾਸਤੇ ਇਨ੍ਹਾਂ ਨਾਲੋਂ ਸੁਖਾਲੇ ਮਜ਼ਮੂਨ ਤੇ ਸਮਝ ਵਾਲੇ ਗੀਤ ਹੋਰ ਕੀ ਹੋ ਸਕਦੇ ਨੇ।

ਛੋਟੀ ਉਮਰ ਦੇ ਮੁੰਡੇ ਵੀ ਗੱਲ-ਗੱਲ ਵਿੱਚ ਕਵਿਤਾ ਦਾ ਸਵਾਦ ਲੈਂਦੇ ਨੇ। ਜੇ ਉਹ ਖੇਡਾਂ ਖੇਡਣਗੇ ਤਾਂ ਵੀ ਮੂੰਹੋਂ ਕਹਿਣਗੇ :

ਚੀਚੋ ਚੀਚ ਕਚੋਲੀਆਂ
ਘੁਮਿਆਰਾਂ ਦਾ ਘਰ ਕਿੱਥੇ ਜੇ
ਈਚਕਣਾ ਪਰਮੀਚਕਣਾ
ਮਮੋਲੀ ਘੋੜੀ ਚੜ੍ਹ ਯਾਰੋ
ਭੰਡਾ ਭੰਡਾਰੀਆ ਕਿਤਨਾ ਕੁ ਭਾਰ
ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ
ਲੁਕ-ਛਿਪ ਜਾਣਾ ਮਕਈ ਦਾ ਦਾਣਾ
ਰਾਜੇ ਦੀ ਬੇਟੀ ਆਈ ਜੇ
ਜਾਂ
ਕੋਟਲਾ ਛਪਾਕੀ ਜੁਮੇਰਾਤ ਆਈ ਜੇ

ਜਦੋਂ ਕਦੇ ਮੁੰਡੇ ਲੋਹੜੀ ਮੰਗਦੇ ਹੋਣ ਤਾਂ ਉਨ੍ਹਾਂ ਦੀਆਂ ਸੁਰਾਂ ਸੁਣ ਕੇ ਸ਼ੱਕ ਪੈ ਜਾਂਦਾ ਏ ਕਿ ਜਿਹੜੀਆਂ ਛੋਟੇ ਬਹਿਰਾਂ ਦੀਆਂ ਨਜ਼ਮਾਂ ਅੱਜ-ਕੱਲ੍ਹ ਦੇ ਉਰਦੂ ਜ਼ਬਾਨ ਦੇ ਸ਼ਾਇਰਾਂ ਦਾ ਨਵਾਂ ਪੋਚ ਲਿਖ ਰਿਹਾ ਏ, ਉਹ ਜ਼ਰੂਰ ਇਨ੍ਹਾਂ ਮੁੰਡਿਆਂ ਦੀਆ ਲੋਹੜੀ ਮੰਗਣ ਦੀਆਂ ਬੋਲੀਆਂ ਤੋਂ ਨਕਲ ਕੀਤੀਆਂ ਗਈਆਂ ਹਨ :

ਹੀਰਨੀ ਓ ਹੀਰਨੀ
ਹੀਰਨੀ ਛੱਡੀਆਂ ਲੰਮੀਆਂ
ਮੀਂਹ ਵਰ੍ਹਿਆ ਤੇ ਕਣਕਾਂ ਜੰਮੀਆਂ
ਕਣਕਾਂ ਵਿੱਚ ਬਟੇਰੇ
ਦੋ ਸਾਧੂ ਦੇ ਦੋ ਮੇਰੇ
ਜਾਂ
ਦੇ ਮਾਈ ਗੋਹਾ
ਤੇਰਾ ਪੁੱਤਰ ਲੋਹਾ
ਦੇ ਮਾਈ ਪਾਥੀ
ਤੇਰਾ ਪੁੱਤਰ ਹਾਥੀ
ਜਾਂ
ਪਾ ਨੀ ਮਾਈ ਪਾ
ਕਾਲੇ ਕੁੱਤੇ ਨੂੰ ਵੀ ਪਾ
ਕਾਲਾ ਕੁੱਤਾ ਦਏ ਦੁਆਵਾਂ
ਤੇਰੀਆਂ ਜੀਵਣ ਮੱਝੀਆਂ ਗਾਵਾਂ

ਗੱਲ ਕੀ, ਪੰਜਾਬੀ ਲੜਕੇ-ਲੜਕੀਆਂ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਸ਼ਾਇਰੀ ਦੀ ਮਸ਼ਕ ਕਰਨ ਲੱਗ ਪੈਂਦੇ ਨੇ। ਕੁੜੀਆਂ ਦਾ ਗਿੱਧਾ ਅਜੀਬ ਖੇਡਾਂ ਨੇ। ਇਸ ਤਰ੍ਹਾਂ ਦੀਆਂ ਖੇਡਾਂ ਤੇ ਕਿੱਕਲੀ ਵੀ ਤੁਹਾਨੂੰ ਕਿਸੇ ਹੋਰ ਦੇਸ ਵਿੱਚ ਘੱਟ ਮਿਲਣਗੀਆਂ। ਵਰਜ਼ਿਸ਼ ਦੀ ਵਰਜ਼ਿਸ਼, ਨਾਚ ਦਾ ਨਾਚ, ਗੀਤ ਦਾ ਗੀਤ, ਪੂਰਾ ਸਵਾਦ ਤਾਂ ਹੀ ਆਉਂਦਾ ਏ ਜੇ ਕਦੀ ਗਿੱਧਾ ਪੈਂਦਿਆ ਦੇਖਿਆ ਜਾਏ। ਲਫ਼ਜ਼ਾਂ ਦੀ ਆਵਾਜ਼, ਪੈਰਾਂ ਦੀਆਂ ਹਰਕਤਾਂ, ਝਾਂਜਰਾਂ ਦੀ ਛਣਕ, ਹੱਥਾਂ ਦੀ ਤਾਲ,- ਸਾਰੀਆਂ ਗੱਲਾਂ ਇਕ ਐਸੇ ਢੰਗ ਨਾਲ ਕੀਤੀਆਂ ਜਾਂਦੀਆਂ ਨੇ ਕਿ ਆਦਮੀ ਬੜਾ ਹੈਰਾਨ ਹੋ ਜਾਂਦਾ ਏ। ਪੈਰਾਂ ਦੀ ਅੱਡੀ ਛਣਕਦੀ ਏ, ਹੱਥਾਂ ਨਾਲ ਤਾੜੀ ਵਜਦੀ ਤੇ ਮੂੰਹੋਂ ਆਵਾਜ਼ ਆਉਂਦੀ ਏ :

ਸੱਸ ਸਹੁਰੇ ਸਾਨੂੰ ਵੱਖ ਕਰ ਛਡਿਆ
ਸਾਨੂੰ ਦਿੱਤੀ ਲੋਈ

ਮੈਂ ਆਪੇ ਗੱਲ ਕਰਲਾਂਗੀ
ਤੇਰੇ ਵਿੱਚ ਅਕਲ ਨਾ ਕੋਈ
ਅੱਧ ਮਣ ਛੋਲੇ ਲਏ ਉਧਾਰੇ
ਅੱਧ ਮਣ ਲਿੱਤੇ ਮੋਠ
ਮਾਹੀ ਮੇਰਾ ਨਿੱਕਾ ਜਿਹਾ
ਪਤਲੇ ਪਤਲੇ ਹੋਠ
ਮਾਹੀ ਮੇਰਾ ਨਿੱਕਾ ਜਿਹਾ

ਇਸੇ ਤਰ੍ਹਾਂ ਕੁੜੀਆਂ ਪੀਂਘ ਚੜ੍ਹਾਉਂਦੀਆਂ ਨੇ, ਤਾਂ ਵੀ ਗਾਉਂਦੀਆਂ ਨੇ :

ਉੱਚੀ ਡਿਉੜੀ ਇੱਟ ਨਾ ਧਰੀਏ
ਧੀ ਨਾ ਦਈਏ ਦੂਰ ਨੀ ਚੌਮਾਸਾ ਸਾਵਣ ਆ ਗਿਆ
ਇੱਟ ਗਿਰੇਗੀ ਚੋਟ ਲੱਗੇਗੀ
ਧੀ ਮਰੇਗੀ ਦੂਰ ਨੀ ਚੌਮਾਸਾ ਸਾਵਣ ਆ ਗਿਆ
ਚੁਲ੍ਹੇ, ਅਗੇ ਸੱਸ ਬੁਰੀ ਨੀ
ਗਿਣ ਗਿਣ ਪੇੜੇ ਦਿੰਦੀ ਚੌਮਾਸਾ ਸਾਵਣ ਆ ਗਿਆ
ਛੋਟਾ ਦੇਵਰ ਲਾਡਲਾ ਨੀ
ਟਿੱਕੀ ਖੋਹ ਕੇ ਲੈ ਗਿਆ
ਚੌਮਾਸਾ ਸਾਵਣ ਆ ਗਿਆ
ਇੱਕ ਪੇੜੇ ਦੇ ਦੋ ਕਰਾਂ ਨੀ
ਜਿੰਦੜੀਆਂ ਗਾਲੀਆਂ ਨਾਲ ਸੋਹਵਾਂ
ਚੌਮਾਸਾ ਸਾਵਣ ਆ ਗਿਆ।

ਖ਼ੂਬੀ ਖ਼ਾਸ ਇਹ ਵੇ ਕਿ ਇੱਕ ਸਿਰੇ ਪੀਂਘ ਦਾ ਹੁਲਾਰਾ ਖ਼ਤਮ ਹੋਇਆ ਤੇ ਉੱਧਰ ਬੋਲੀ ਵੀ ਖ਼ਤਮ ਹੋ ਜਾਂਦੀ ਏ। ਗੱਲ ਕੀ, ਪੰਜਾਬ ਦੀਆਂ ਦੇਵੀਆਂ ਦੀ ਜ਼ਿੰਦਗੀ ਬਚਪਨ ਤੋਂ ਲੈ ਕੇ ਬੁਢਾਪੇ ਤਕ ਗਾਉਂਦਿਆਂ ਹੀ ਲੰਘਦੀ ਏ— ਰੀਤਾਂ ਦੇ ਗੀਤ, ਜੰਮਣ ਦੇ ਗੀਤ, ਬੱਚੇ ਦਾ ਮੂੰਹ ਧੋਣ ਦੇ ਗੀਤ, ਬੱਚੇ ਨੂੰ ਨਹਿਲਾਉਣ ਦੇ ਗੀਤ (ਹਰ ਨਹਾਈ ਹਰ ਧੋਈ ਹਰ ਠੰਡੇ ਪਾਣੀਆਂ) ਰੋਂਦੇ ਨੂੰ ਚੁੱਪ ਕਰਾਣ ਦੇ ਗੀਤ, ਗੇਂਦ ਖੇਡਣ ਦੇ ਗੀਤ, ਲੁਕਣ ਮੀਚੀ ਖੇਡਣ ਦੇ ਗੀਤ, ਪੀਂਘਾਂ ਦੇ ਗੀਤ, ਮੰਗਣੀ ਦੇ ਗੀਤ, ਵਿਆਹ ਦੇ ਗੀਤ, ਸੱਸਾਂ ਨਾਲ ਲੜਨ ਦੇ ਗੀਤ, ਵਿਛੋੜੇ ਦੇ ਗੀਤ, ਮੁਹੱਬਤ ਦੇ ਗੀਤ, ਭੈਣਾਂ-ਭਰਾਵਾਂ ਦੇ ਗੀਤ, ਮਾਵਾਂ-ਪੁੱਤਰਾਂ ਦੇ ਗੀਤ, ਚਰਖ਼ੇ ਦੇ ਗੀਤ। ਇੱਥੋਂ ਤਕ ਕਿ ਪੰਜਾਬੀ ਦੇਵੀਆਂ ਜਦ ਮਾਤਮ

ਕਰਨਗੀਆਂ ਤਾਂ ਸਿਆਪੇ ਦੀਆਂ ਅਲਾਹੁਣੀਆਂ ਵੀ ਸ਼ਾਇਰੀ ਵਿੱਚ ਦੇਣਗੀਆਂ। ਹੱਥਾਂ ਨਾਲ ਪਿੱਟਣਗੀਆਂ ਤੇ ਮੂੰਹੋਂ ਕਹਿਣਗੀਆਂ :

ਹਾਏ ਵੇ ਝਨਾਂ ਦਿਆ ਲਾੜਿਆ
ਹਾਏ ਵੇ ਝਨਾਂ ਦਿਆ ਲਾੜਿਆ

ਮੇਰਾ ਇਹ ਗੱਲ ਤਸ਼ਰੀਹ ਨਾਲ ਦਸਣ ਦਾ ਮਤਲਬ ਇਹ ਵੇ ਕਿ ਪੰਜਾਬੀ ਦੇਵੀਆਂ ਦੇ ਸਾਰੀਆਂ ਕਿਸਮਾਂ ਦੇ ਗੀਤ ਲਿਖਣੇ ਬਹੁਤ ਮੁਸ਼ਕਿਲ ਹਨ। ਇਸ ਕੰਮ ਵਾਸਤੇ ਹਜ਼ਾਰਾਂ ਸਫ਼ੇ ਚਾਹੀਦੇ ਹਨ। ਕੁਝ ਨਮੂਨੇ ਦੇ ਤੌਰ ’ਤੇ ਢੋਲਕੀ ’ਤੇ ਗਾਉਣ ਵਾਲੇ ਗੀਤ ਤੇ ਲੰਮੇ ਗੀਤ ਤੇ ਕੁਝ ਹੋਰ ਗੀਤ ਇਕੱਠੇ ਕਰ ਕੇ ਭੈਣਾਂ ਤੇ ਭਰਾਵਾਂ ਦੀ ਨਜ਼ਰ ਕੀਤੇ ਜਾਂਦੇ ਹਨ। ਜੇ ਤੁਸਾਂ ਪਸੰਦ ਕੀਤੇ ਤਾਂ ਹੌਲੀ-ਹੌਲੀ ਬਾਕੀ ਦੇ ਛਾਪ ਦਿੱਤੇ ਜਾਣਗੇ। ਜ਼ਖ਼ੀਰਾ ਮੇਰੇ ਪਾਸ ਬਹੁਤ ਸਾਰਾ ਹੈ।

ਗੀਤ ਜਿਹੜੇ ਇਸ ਕਿਤਾਬ ਵਿੱਚ ਛਾਪੇ ਜਾਂਦੇ ਨੇ, ਉਹ ਜ਼ਿਆਦਾਤਰ ਪੰਜਾਬ ਦਿਆਂ ਵਿਚਲਿਆਂ ਜ਼ਿਲ੍ਹਿਆਂ ਵਿੱਚ ਜਾਣੀ ਲਾਹੌਰ, ਅੰਮ੍ਰਿਤਸਰ, ਗੁੱਜਰਾਂਵਾਲਾ, ਸਿਆਲਕੋਟ, ਗੁਜਰਾਤ ਦੀ ਜ਼ਬਾਨ ਵਿੱਚ ਨੇ। ਸਿਰਫ਼ ਵੰਨਗੀ ਦੇ ਤੌਰ ‘ਤੇ ਦੋ-ਚਾਰ ਪਹਾੜੀ ਗੀਤ ਤੇ ਲਹਿੰਦੀ ਤੇ ਪੋਠੋਹਾਰੀ ਜ਼ਬਾਨ ਦੇ ਗੀਤ ਦਰਜ ਕੀਤੇ ਗਏ ਹਨ।

ਵਿਚਲਿਆਂ ਜ਼ਿਲ੍ਹਿਆਂ ਦੇ ਗੀਤਾਂ ਵਿਚੋਂ ਵੀ ਮੈਂ ਸਿਰਫ਼ ਉਹ ਲਿਖੇ ਨੇ, ਜਿਹੜੇ ਕਿ ਮੈਨੂੰ ਦੇਵੀਆਂ ਦੇ ਦਿਲੋਂ ਨਿਕਲੇ ਮਾਲੂਮ ਹੁੰਦੇ ਨੇ। ਬਾਕੀ ਗੀਤ ਜਿਨ੍ਹਾਂ ਦੀ ਬਨਾਵਟ ਵਿਚੋਂ ਮਰਦਾਵੇਂ ਦਿਮਾਗ਼ ਦੀ ਲਿਸ਼ਕ ਨਜ਼ਰ ਆਉਂਦੀ ਏ, ਮੈਂ ਦਰਜ ਨਹੀਂ ਕੀਤੇ, ਭਾਵੇਂ ਉਹ ਕਿਤਨੇ ਹੀ ਸੋਹਣੇ ਤੇ ਮਨ ਲੁਭਾਉਣੇ ਨੇ। ਮਿਸਾਲ ਦੇ ਤੌਰ ’ਤੇ :

ਖੇਡਣ ਦੇ ਦਿਨ ਚਾਰ
ਮੁੜ ਨਹੀਂ ਆਉਣਾ
ਵਤਨ ਪੀਆ ਦੇ
ਖੇਡ ਖਡੇਂਦਿਆਂ ਸ਼ਾਮਾਂ ਪਈਆਂ
ਵਿੱਸਰ ਗਿਆ ਘਰ-ਬਾਰ
ਮੁੜ ਨਹੀਂ ਆਉਣਾ
ਜੇ ਮਾਏ ਮੇਰਾ ਕੱਤਿਆ ਲੋੜੇਂ
ਭੱਠ ਪਈਆਂ ਪੂਣੀਆਂ
ਭਠ ਪਏ ਗੋਹੜੇ
ਤਕਲੇ ਨੂੰ ਵਲ ਚਾਰ
ਡੋਲ਼ੀ ਪਾ ਕੇ ਲੈ ਗਏ ਖੇੜੇ
ਮੁੱਢ ਕਦੀਮੀ ਦੁਸ਼ਮਣ ਮੇਰੇ

ਲਗੜੇ ਨੀ ਚਾਰ ਕਹਾਰ
ਚੋਲੀ ਚੁੰਨਰੀ ਮੇਰੇ ਮਾਪਿਆਂ ਦਿੱਤੀ
ਜੋਬਨ ਦਿੱਤਾ ਕਰਤਾਰ
ਮੁੜ ਨਹੀਂ ਆਉਣਾ
ਜਾਂ
ਭਾਵੇਂ ਬੋਲ ਨਾ ਬੋਲ
ਅੱਖੀਆਂ ਦੇ ਸਾਹਮਣੇ
ਵਸ ਮੀਆਂ ਰਾਂਝਾ
ਇਸ਼ਕ ਛੁਪਾਇਆਂ ਛੁਪਦਾ ਨਹੀਓਂ
ਸ਼ਹਿਰੀਂ ਵੱਜ ਗਏ ਨੀ ਢੋਲ ਨੀ
ਅੱਖੀਆਂ ਦੇ ਸਾਹਮਣੇ
ਜਾਂ
ਜੋਗੀ ਦੇ ਨੈਣਾਂ ਨੇ ਫੱਟੀਆਂ
ਜ਼ਖ਼ਮਾਂ 'ਤੇ ਬੰਨ੍ਹੀਆਂ ਪੱਟੀਆਂ
ਜੇ ਮੁੱਖ ਮੋੜਾਂ ਰਾਝਣ ਕੋਲੋਂ
ਦੋਜ਼ਖ਼ ਜਾਂਵਾਂਗੀ ਸੱਟੀਆਂ
ਰਾਂਝਣ ਦੇ ਸਿਰ ਸੱਤ ਰੰਗਿਆ ਚੀਰਾ
ਹੀਰ ਗੁੰਦਾਈਆਂ ਨੇ ਪੱਟੀਆਂ
ਰਾਂਝਾ ਤਖ਼ਤ ਹਜ਼ਾਰਿਓਂ ਆਇਆ
ਮੈਂ ਝੰਗ ਸਿਆਲੇ ਦੀ ਜੱਟੀ ਆਂ
ਜਾਂ
ਉੱਡ ਗਈ ਉੱਡ ਗਈ ਉੱਡ ਗਈ
ਉਹ ਜਿੰਦੜੀ ਉੱਡ ਗਈ ਨਾਲ ਪੁੰਨੂੰ ਦੇ
ਜਾਂ
ਸੋਹਣੀ ਦੀਵੇ ਖ਼ਿਜਰ ਦੇ ਬਾਲਦੀ
ਕਿਵੇਂ ਸ਼ਕਲ ਵੇਖਾਂ ਮਹੀਂਵਾਲ ਦੀ
ਕੋਈ ਜਾਓ ਸਹੀਓ ਨੀ ਰਾਂਝੇ ਨੂੰ ਲਿਆਓ ਮੋੜ ਕੇ

ਜਾਂ

ਲਾ ਕੇ ਯਾਰੀ ਲੁੱਟ ਖੜਿਆ
ਦਿਲ ਮੇਰਾ ਡਾਚੀ ਵਾਲਿਆ

ਜਾਂ

ਇਸ਼ਕ ਤੇਰੇ ਨੇ ਕਮਲੀਏ ਹੀਰੇ
ਜੱਗ ਵਿੱਚ ਮੈਨੂੰ ਖ਼ੁਆਰ ਕੀਤਾ

ਜਾਂ

ਚਿੱਠੀਏ ਦਰਦ ਫ਼ਰਾਕ ਵਾਲੀਏ
ਮੇਰਾ ਲੈ ਜਾ ਸੁਨੇਹੜਾ ਸੋਹਣੇ ਯਾਰ ਦਾ

ਜਾਂ

ਪ੍ਰੇਮ ਨਗਰ ਦੀਆਂ ਕੁੜੀਆਂ
ਤਾਹਨੇ ਮਾਰਦੀਆਂ

ਇਨ੍ਹਾਂ ਤੇ ਇਸ ਕਿਸਮ ਦੇ ਹੋਰ ਗੀਤਾਂ ਨੂੰ ਮਰਦਾਂ ਦੇ ਹੱਥ ਲੱਗੇ ਹੋਏ ਸਾਫ਼ ਮਾਲੂਮ ਹੁੰਦੇ ਨੇ। ਇੱਕ ਅਨੋਖੀ ਲਟਕ 'ਤੇ ਨਜ਼ਾਕਤ ਜਿਹੜੀ ਦੇਵੀਆਂ ਦੇ ਗੀਤਾਂ ਵਿੱਚ ਏ, ਉਹ ਇਨ੍ਹਾਂ ਗੀਤਾਂ ਵਿੱਚ ਨਜ਼ਰ ਨਹੀਂ ਪੈਂਦੀ। ਇਹ ਗੀਤ ਬੀਬੀਆਂ ਵੀ ਕਦੇ-ਕਦੇ ਬੋਲ ਲੈਂਦੀਆਂ ਨੇ ਪਰ ਮੈਂ ਇਨ੍ਹਾਂ ਗੀਤਾਂ ਨੂੰ ਬੀਬੀਆਂ ਦੇ ਬਣਾਏ ਹੋਏ ਨਹੀਂ ਮੰਨਦਾ। ਇਸ ਵਾਸਤੇ ਮੈਂ ਇਸ ਕਿਤਾਬ ਵਿੱਚ ਇਸ ਕਿਸਮ ਦੇ ਗੀਤਾਂ ਨੂੰ ਨਹੀਂ ਛਾਪਦਾ। ਇਹ ਗੀਤ ਅੱਡ ਛਾਪੇ ਜਾਣੇ ਚਾਹੀਦੇ ਨੇ।

(3)

ਇਨ੍ਹਾਂ ਗੀਤਾਂ ਵਿੱਚ ਪੰਜਾਬ ਦੀਆਂ ਬੀਬੀਆਂ ਦੀ ਜ਼ਿੰਦਗੀ ਦੇ ਅੱਡੋ-ਅੱਡਰੇ ਨਕਸ਼ਿਆਂ ਨੂੰ ਲਫ਼ਜ਼ਾਂ ਵਿੱਚ ਖਿੱਚਿਆ ਗਿਆ ਹੈ। ਭੈਣ-ਭਰਾ ਦਾ ਪ੍ਰੇਮ, ਮਾਵਾਂ-ਧੀਆਂ ਦੀ ਮੁਹਬਤ, ਮਾਵਾਂ-ਪੁੱਤਰਾਂ ਦੇ ਲਾਡ, ਵਹੁਟੀ ਗਭਰੂ ਦਾ ਪ੍ਰੇਮ, ਵਹੁਟੀ ਗਭਰੂ ਦੇ ਝਗੜੇ, ਸੱਸ-ਨੂੰਹ ਦੇ ਝਗੜੇ, ਪਤੀ ਦਾ ਵਿਛੋੜਾ, ਪਤੀ ਦਾ ਬਹੁਤ ਦੇਰ ਪਿਛੋਂ ਮਿਲਣਾ,- ਇਹ ਸਭ ਗੱਲਾਂ ਬਹੁਤ ਸੋਹਣੇ ਤੇ ਸਾਦੇ ਗੀਤਾਂ ਵਿੱਚ ਦੱਸੀਆਂ ਗਈਆਂ ਹਨ।

ਇਹ ਗੀਤ ਕਿਸੇ ਮੰਨੇ-ਪ੍ਰਮੰਨੇ ਸ਼ਾਇਰ ਦੇ ਬਣਾਏ ਹੋਏ ਨਹੀਂ। ਇਹ ਦੇਵੀਆਂ ਦੇ ਆਪਣੇ ਹੀ ਬਣਾਏ ਹੋਏ ਹਨ। ਇਹ ਵੀ ਪਤਾ ਨਹੀਂ ਲੱਗ ਸਕਦਾ ਕਿ ਇਹ ਗੀਤ ਕਿਤਨੇ ਚਿਰ ਦੇ ਬਣੇ ਹੋਏ ਹਨ। ਸਿਰਫ਼ ਜ਼ਬਾਨ ਦੇ ਤਰੀਕੇ ਤੋਂ ਹੀ ਕਿਆਸ ਕਰੀਦਾ ਏ ਕਿ ਫਲਾਣਾ ਗੀਤ ਪੁਰਾਣਾ ਏ ਤੇ ਫਲਾਣਾ ਅੱਜ-ਕੱਲ੍ਹ ਦਾ ਬਣਿਆ ਹੋਇਆ ਏ। ਇਹ ਗੀਤ ਉਸ ਬਾਗ਼ ਵਾਂਗੂ ਨਹੀਂ, ਜਿਹੜਾ ਕਿ ਕਿਸੇ ਸੁਘੜ ਮਾਲੀ ਨੇ ਬੜੀਆਂ ਮਿਹਨਤਾਂ

ਨਾਲ ਕਿਆਰੀਆਂ ਵੰਡ ਕੇ ਗੁਲਦਸਤੇ ਚੁਣ ਕੇ ਲਗਾਇਆ ਹੋਵੇ। ਇਹ ਉਸ ਜੰਗਲ ਦੇ ਫੁੱਲਾਂ ਵਾਂਗ ਨੇ, ਜਿਨ੍ਹਾਂ ਦੀ ਤਰਤੀਬ, ਰੰਗ, ਖ਼ੁਸ਼ਬੂ ਤੇ ਵੰਡ ਕੁਦਰਤ ਨੇ ਆਪ ਕੀਤੀ ਹੁੰਦੀਏ। ਇਹ ਦਿਲ ਦੇ ਜਜ਼ਬਿਆਂ ਦੀਆਂ, ਮਨ ਦੀਆਂ ਤਰੰਗਾਂ ਦੀਆਂ, ਮੁਹੱਬਤ ਦੀਆਂ ਉਹ ਰਸਭਿੰਨੀਆਂ ਤਸਵੀਰਾਂ ਨੇ, ਜਿਹੜੀਆਂ ਹਰੇਕ ਦੇ ਮਨ 'ਤੇ ਇੱਕ ਅਜੀਬ ਅਸਰ ਕਰ ਜਾਂਦੀਆਂ ਨੇ। ਇਨ੍ਹਾਂ ਗੀਤਾਂ ਵਿੱਚ ਦੇਵੀਆਂ ਨੇ ਆਪਣੇ ਦਿਲਾਂ ਦੇ ਉਬਾਲ ਜਿਸ ਤਰ੍ਹਾਂ ਅੰਦਰੋਂ ਕੱਢੇ, ਉਸੇ ਤਰ੍ਹਾਂ ਤੁਹਾਡੇ ਸਾਹਮਣੇ ਰੱਖ ਦਿੱਤੇ ਹਨ। ਕੋਈ ਠੋਕਾ ਠਾਕੀ ਜਾਂ ਵੱਧ-ਘੱਟ ਨਹੀਂ ਕੀਤਾ। ਮਿਸਾਲ ਦੇ ਤੌਰ 'ਤੇ; ਇੱਕ ਬੀਬੀ ਦਾ ਪਤੀ ਪਲਟਣ ਵਿੱਚ ਨੌਕਰ ਏ ਕਈ ਵਰ੍ਹੇ ਹੋ ਗਏ ਉਹ ਨਹੀਂ ਆਇਆ। ਬੀਬੀ ਨੇ ਚੰਦ ਕਢਾਏ ਨੇ, ਦਿਲ ਵਿੱਚ ਉਬਾਲ ਉੱਠਦਾ ਏ ਕਿ ਹਾਏ ਮੇਰਾ ਸਾਈਂ ਜੇ ਹੋਵੇ ਤਾਂ ਮੇਰਾ ਗਹਿਣਾ ਪਹਿਨਣਾ ਸਫ਼ਲ ਹੋਵੇ। ਝੱਟ ਮੂੰਹੋਂ ਇਹ ਗੀਤ ਬੋਲ ਦਿੰਦੀ ਏ :

ਚੰਦ ਕਢਾ ਕੇ ਚੜ੍ਹੀ ਆਂ ਚੁਬਾਰੇ
ਵੇਖਾਂ ਚਹੁੰ ਕੂੰਟੀ ਜਾਨੀ ਨਜ਼ਰ ਨਾ ਆਵੇ
ਮੇਰਾ ਸਬਰ ਫ਼ਰੰਗੀਏ ਨੂੰ ਮਾਰੇ
ਨਾ ਦਿੰਦਾ ਛੁੱਟੀਆਂ ਨਾ ਤਲਬਾਂ ਤਾਰੇ
ਨੌਕਰ ਰੱਖ ਲੈ ਛੜੇ ਤੇ ਕੁਆਰੇ
ਨਾ ਹੋਣ ਰੰਨਾਂ ਨਾ ਪੈਣ ਪੁਆੜੇ

ਇਸ ਤਰ੍ਹਾਂ ਬਹੁਤ ਸਾਰੇ ਗੀਤ ਦਿਲ ਦੇ ਭਾਵਾਂ ਦੀਆਂ ਅਨਰੰਗੀਆਂ ਤਸਵੀਰਾਂ ਨੇ।

(4)

ਇਨ੍ਹਾਂ ਗੀਤਾਂ ਵਿੱਚ ਚੰਗੀ ਕਿਸਮ ਦੀ ਕਵਿਤਾ ਦੇ ਜਜ਼ਬੇ ਵੀ ਬਹੁਤ ਜਗ੍ਹਾ ਦਿੱਤੇ ਗਏ ਨੇ। ਪੁੱਤਰਾਂ ਦੀ ਮੁਹੱਬਤ ਦੇ ਬਾਰੇ ਵਿੱਚ ਕਿਹਾ ਏ :

ਛੱਲਾ ਨੌਂ ਨੌਂ ਥੇਵੇ
ਪੁੱਤਰ ਮਿਠੜੇ ਮੇਵੇ
ਜਿਨ੍ਹਾਂ ਨੂੰ ਰੱਬ ਦੇਵੇ

ਮੁਹੱਬਤ ਤੇ ਪ੍ਰੇਮ ਕਰਨ ਦਾ ਬਹੁਤ ਹੀ ਆਸਾਨ ਤੇ ਮੁਖ਼ਤਸਰ ਨੁਸਖ਼ਾ ਲਿਖਿਆ ਏ :

ਪੁੱਛਾਂ ਗੁਆਂਢਣਾਂ ਨੂੰ ਸਈਓ
ਨਿਹੁੰ ਕੀਕੂੰ ਲਾਈਦਾ ਢੋਲਾ
ਪਹਿਲੋਂ ਅੱਖੀਆਂ ਮਾਹੀ ਵੇ
ਫੇਰ ਰਲ ਮਿਲ ਜਾਈਦਾ ਢੋਲਾ

ਸਾਵਣ ਮਹੀਨੇ ਦੀ ਵਰਖਾ ਹੋ ਰਹੀ ਏ। ਦੇਵੀ ਇਹ ਗੱਲ ਨਹੀਂ ਚਾਹੁੰਦੀ ਕਿ ਉਸ ਦਾ ਪਤੀ ਪ੍ਰਦੇਸ ਜਾਵੇ। ਕਹਿੰਦੀ ਏ :

ਮੈਂ ਤੈਨੂੰ ਆਖਦੀ ਮੇਰੇ ਅੰਤ ਪਿਆਰੇ
ਸਾਵਣ ਪੰਧ ਨਾ ਪਈਏ ਵੇ
ਸਾਵਣ ਮਾਹ ਦੀਆਂ ਪੈਣ ਫ਼ੁਆਰਾਂ
ਬੱਦਲਾਂ ਰਿਮਝਿਮ ਲਾਈ ਏ
ਘੋੜਾ ਵੀ ਭਿੱਜਿਆ, ਕਾਠੀ ਵੀ ਭਿੱਜ ਗਈ
ਹੋਰ ਭਿੱਜੀ ਮੇਰੇ ਪਤਲੇ ਦੀ ਖੁੰਡੀ

ਆਪ ਆਪਣੇ ਕੋਠੇ 'ਤੇ ਬਾਰੀ ਵਿੱਚ ਬੈਠੀ ਏ। ਦਿਲ ਦਾ ਮਾਲਕ ਹੇਠੋਂ ਦੀ ਘੋੜੇ 'ਤੇ ਸਵਾਰ ਹੋ ਕੇ ਲੰਘਿਆ ਜਾਂਦਾ ਏ।ਚਾਹੁੰਦੀ ਏ ਕਿ ਉਹ ਘੋੜਾ ਹੌਲੀ ਕਰ ਲਵੇ ਤੇ ਦੋ ਗੱਲਾਂ ਕਰਦਾ ਜਾਏ। ਕਹਿੰਦੀ ਏ :

ਨੀਲੇ ਘੋੜੇ ਵਾਲਿਆ ਘੋੜਾ ਸਹਿਜ ਦੁੜਾ
ਉੱਡਿਆਂ ਧਮਕ ਪਵੇ ਮੇਰੇ ਮਹਿਲਾਂ ਨੂੰ
ਤੇ ਕਜਲੇ ਪਈ ਏ ਰਵਾਲ

ਮਾਂ ਧੀ ਨੂੰ ਕਹਿੰਦੀ ਏ ਕਿ ਬੇਟੀ ਜਿਤਨਾ ਚਿਰ ਤੇਰਾ ਪਤੀ ਆਇਆ ਨਹੀਂ, ਤੂੰ ਸਮਝੀਂ ਕਿ ਉਹ ਕਿਤੇ ਪ੍ਰਦੇਸ ਗਿਆ ਹੋਇਆ ਏ। ਧੀ ਅੱਗੇ ਹੀ ਭਰੀ ਬੈਠੀ ਏ। ਕਹਿੰਦੀ ਏ :

ਕਿਤਨਾ ਕੁ ਚਿਰ ਮਾਏ ਵਾਂਢੇ ਤੇ ਟੀਂਡੇ
ਕਿਤਨਾ ਕੁ ਚਿਰ ਰਹਾਂ ਅੰਞਾਣੀ
ਮਾਏ ਇਹ ਜੋਬਨ ਮੇਰਾ ਐਵੇਂ ਢਲ ਜਾਣਾ
ਜਿਵੇਂ ਦਰਿਆਵਾਂ ਦਾ ਪਾਣੀ

ਆਪਣੇ ਮਾਹੀ ਨੂੰ ਚਿੱਠੀ ਲਿਖਣੀ ਏ, ਡਾਹਢੇ ਮਿੱਠੇ ਸਾਦੇ ਢੰਗ ਨਾਲ ਆਪਣੇ ਦਿਲ ਦੇ ਭਾਵਾਂ ਨੂੰ ਇਸ ਤਰ੍ਹਾਂ ਦੱਸਦੀ ਏ :

ਦਿਲ ਦਾ ਟੁਕੜਾ ਮੈਂ ਕਾਗ਼ਜ਼ ਬਣਾਵਾਂ
ਨੈਣਾਂ ਦੇ ਕਜਲੇ ਦੀ ਸਿਆਹੀ
ਹੱਥ ਦੀ ਉਂਗਲੀ ਦੀ ਕਲਮ ਬਣਾਵਾਂ
ਰੋ ਰੋ ਹੰਝੂਆਂ ਦਾ ਪਾਣੀ

ਆਪਣੇ ਮਾਹੀ ਦੀ ਚਿੱਠੀ ਆਈ ਏ ਤੇ ਬੜੇ ਸ਼ੌਕ ਨਾਲ ਵਾਚਣ ਲੱਗੀ, ਝੱਟ ਅੱਥਰੂ ਵਗਣ ਲੱਗ ਪਏ। ਉਸ ਵੇਲੇ ਕਹਿੰਦੀ ਏ :

ਮਾਹੀ ਦੀ ਚੀਰੀ ਮੈਂ ਵਾਚਣ ਲੱਗੀ
ਨੈਣਾਂ ਪਾਈ ਏ ਗੁਬਾਰੀ

ਨਾ ਢਕੋ ਨਾ ਢਕੋਲਿਉਂ ਨੈਣੋਂ
ਚਿੱਠੀ ਤੇ ਵਾਚਾਂ ਮੈਂ ਸਾਰੀ

ਵਾਲਾਂ ਨੂੰ ਕਾਲੀਆਂ ਸਿਆਹੀਆਂ ਨਾਲ ਤਸ਼ਬੀਹ ਦੇਣਾ ਪੰਜਾਬੀ ਦੇਵੀਆਂ ਦਾ ਹੀ ਕੰਮ ਏ :

ਮਾਏ ਨੀ ਸੁਣ ਮੇਰੀਏ ਮਾਏ
ਨਾ ਪਾ ਮੈਨੂੰ ਬੁੰਦੇ ਨੀ
ਵਾਲ ਗੋਰੀ ਦੇ ਬਿਸੀਅਰ ਕਾਲ਼ੇ
ਡਰਦੀ ਮਾਂ ਵੀ ਨਾ ਗੁੰਦੇ ਨੀ
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ

ਪਤੀ ਪ੍ਰਦੇਸ ਗਿਆ ਤੇ ਕਹਿੰਦੀ ਏ :

ਢੋਲ ਪੱਕੀਆਂ ਨਾਖਾਂ
ਮੈਂ ਤੈਨੂੰ ਕੀ ਆਖਾਂ

ਸਾਰਿਆਂ ਗੀਤਾਂ ਵਿੱਚ ਕੋਈ ਨਾ ਕੋਈ ਛਣਕ, ਕੋਈ ਨਾ ਕੋਈ ਚਾਲ ਐਸਾ ਅਨੋਖਾ ਏ ਕਿ ਦਿਲ 'ਤੇ ਅਸਰ ਕਰ ਜਾਂਦਾ ਏ। ਪੰਜਾਬੀ ਦੇਵੀ ਦੀ ਬਿਆਨ ਕਰਨ ਦੀ ਤਰਜ਼ ਵੀ ਅਲੱਗ ਏ। ਉਸ ਤਰਜ਼ ਨੂੰ ਬਿਆਨ ਕਰਨਾ ਬਹੁਤ ਔਖਾ ਕੰਮ ਏ। ਗੀਤਾਂ ਦੀ ਖ਼ੂਬੀ ਬਿਆਨ ਹੀ ਨਹੀਂ ਹੋ ਸਕਦੀ, ਜਦੋਂ ਤਕ ਉਨ੍ਹਾਂ ਨੂੰ ਸਾਰਾ ਪੜ੍ਹਿਆ-ਗਾਹਿਆ ਨਾ ਜਾਵੇ। ਇਹ ਸ਼ਾਇਰੀ ਦਿਮਾਗ਼ ਨੂੰ ਭਰਮਾਉਣ ਵਾਲੀ ਨਹੀਂ ਬਲਕਿ ਦਿਲ 'ਤੇ ਠੋਕਰ ਲਾਉਣ ਵਾਲੀ ਏ। ਲਫ਼ਜ਼ ਲਫ਼ਜ਼ ਵਿੱਚ ਨਜ਼ਾਕਤ, ਸ਼ਰਮੀਲਾਪਨ ਤੇ ਮੁਹੱਬਤ ਦੇ ਖ਼ਿਆਲ ਭਰੇ ਹੋਏ ਨੇ।

(5)

ਇਨ੍ਹਾਂ ਗੀਤਾਂ ਦੇ ਪੜ੍ਹਨ ਨਾਲ ਉਨ੍ਹਾਂ ਭਰਾਵਾਂ ਨੂੰ ਬੜੀ ਮਦਦ ਮਿਲੇਗੀ, ਜਿਹੜੇ ਕਿ ਪੰਜਾਬੀ ਜ਼ਬਾਨ ਦੀ ਛੰਦਾ-ਬੰਦੀ ਜਾਂ ਕਵਿਤਾ ਦੀ ਬਨਾਵਟ ਦੇ ਇਲਮ ਨੂੰ ਪੜ੍ਹਨਾ ਚਾਹੁੰਦੇ ਨੇ। ਛੋਟੇ ਮੀਟਰ ਦੇ ਬੋਲ ਪੰਜਾਬੀ ਗੀਤਾਂ ਵਿੱਚ ਬੜੇ ਸੁੰਦਰ ਨੇ :

ਢੋਲ ਜਾਨੀ
ਸਾਡੀ ਗਲੀ ਆ
ਤੇਰੀ ਮਿਹਰਬਾਨੀ
ਜਾਂ
ਜੁੱਤੀ ਬਣਾਤੀ ਮਾਹੀ ਵੇ
ਕਿਉਂ ਤੁਰਿਓਂ ਰਾਤੀਂ ਢੋਲਾ

ਜਾਂ
ਛੱਲਾ ਪਿਆ ਬਨੇਰੇ
ਵੱਸ ਨਹੀਉਂ ਮੇਰੇ
ਵੱਸ ਮੇਰੀ ਮਾਂ ਦੇ
ਘੱਲੇਗੀ ਤਾਂ ਜਾਂਗੇ
ਜਾਂ
ਢੋਲ ਮੇਰਾ ਹਾਣੀ
ਦੋ ਘੁੱਟ ਦੇ ਪਾਣੀ

ਇਸ ਨਾਲੋਂ ਜ਼ਰਾ ਲੰਮੇ ਮੀਟਰ ਵੀ ਹਨ :

ਆਖ ਰਹੀ ਮੈਂ ਤੇਲੀ ਨੂੰ
ਰੂੰ ਪਿੰਜਦੇ ਅਰਵੇਲੀ ਨੂੰ
ਲੈ ਦੇ ਮਾਏ ਕਾਲ਼ਿਆਂ ਬਾਗ਼ਾਂ ਦੀ ਮਹਿੰਦੀ
ਘੋਲ ਮਹਿੰਦੀ ਮੈਂ ਹੱਥਾਂ 'ਤੇ ਲਾਨੀ ਆਂ
ਵਹੁਟੜੀ ਬਣ ਬਣ ਬਹਿੰਦੀ
ਜਾਂ
ਬਾਗ਼ ਮੇਰੇ ਵਿੱਚ ਅੰਬ ਦਾ ਬੂਟਾ
ਹੁਸਨ ਜਵਾਨੀ ਕੋਈ ਦਮ ਦਾ ਝੂਟਾ
ਜਾਂ
ਪਿੱਪਲ ਦਿਆ ਪੱਤਿਆ ਵੇ
ਕੇਹੀ ਖੜ ਖੜ ਲਾਈ ਆ
ਪੱਤ ਝੜ ਪਏ ਪੁਰਾਣੇ
ਰੁੱਤ ਨਵਿਆਂ ਦੀ ਆਈ ਆ
ਜਾਂ
ਨਿੱਕਾ ਕੱਤਦੀ ਸਾਂ ਖੇਸਾਂ ਤੇਰਿਆਂ ਨੂੰ
ਕਿੱਥੋਂ ਜੰਮ ਪਿਉਂ ਵੇ ਲੇਖਾਂ ਮੇਰਿਆਂ ਨੂੰ
ਜਾਂ
ਕਿਸੇ ਦਾ ਢੋਲ ਨਾ ਪ੍ਰਦੇਸ ਜਾਵੇ
ਵਿਛੋੜਾ ਵੈਰੀਆਂ ਦੇ ਪੇਸ਼ ਆਵੇ

ਲੰਮੇ ਮੀਟਰ (ਬਹਿਰ) ਵੀ ਬਹੁਤ ਸੋਹਣੇ ਇਨ੍ਹਾਂ ਗੀਤਾਂ ਵਿੱਚ ਹਨ :

ਬਾਗ਼ ਲਵਾਨੀ ਆਂ ਬਗ਼ੀਚੇ ਲਵਾਨੀ ਆਂ
ਵਿੱਚ ਲਵਾਨੀ ਆਂ ਮੈਂ ਤੋਰੀਆਂ ਵੇ
ਨਿੱਕਾ ਜਿਹਾ ਮੁੰਡਾ ਸਾਨੂੰ ਅੱਖੀਆਂ ਮਾਰੇ
ਨਿਹੁੰ ਨਾ ਲਗਦਾ ਜੋਰੀਆਂ ਵੇ

ਜਾਂ

ਕੀ ਤੂੰ ਪਾਵੇਂ ਹਾਰ ਹਮੇਲਾਂ
ਕੀ ਤੂੰ ਪਾਵੇਂ ਨੱਥ ਚੂੜਾ
ਜਿਸ ਰੰਡੇਟੇ ਦਾ ਮਾਣ ਕਰੇਂ ਤੂੰ
ਹੱਥ ਖੂੰਡੀ ਮੋਢੇ ਭੂਰਾ

ਡਾਹਢੇ ਪੂਰੇ ਕਾਫ਼ੀਏ ਵਾਲੇ ਵਾਕ ਵੀ ਇਨ੍ਹਾਂ ਗੀਤਾਂ ਵਿੱਚ ਤੁਹਾਨੂੰ ਮਿਲਣਗੇ :

ਆਖ ਰਹੀ ਲਲਾਰੀ ਨੂੰ
ਦੇ ਡੋਬਾ ਫੁਲਕਾਰੀ ਨੂੰ

ਜਾਂ

ਹੋਵਾਂ ਮੈਨਾ ਉੱਕਾਂ ਰੱਸੀਆਂ
ਨਾ ਤੁਸਾਂ ਪੁੱਛੀਆਂ
ਨਾ ਅਸਾਂ ਦੱਸੀਆਂ

ਬਿਲਕੁਲ ਬਗ਼ੈਰ ਕਾਫ਼ੀਏ ਦੇ ਵਾਕ ਅਰਥਾਤ ਬਲੈਂਕ ਵਰਸ ਦੇ ਇੱਕ-ਦੋ ਨਮੂਨੇ ਦਿੱਤੇ ਗਏ ਨੇ :

ਸਿਰ ਗੁੰਦ ਤੂੰ ਕੁਪੱਤੀਏ ਨੈਣੇ
ਨੀ ਉੱਤੇ ਪਾ ਦੇ ਡਾਕ ਬੰਗਲਾ
ਤੈਨੂੰ ਸਖੀਆਂ ਮਿਲਣ ਵੀ ਨਾ ਆਈਆਂ
ਕਿੱਕਰਾਂ ਨੂੰ ਪਾ ਲੈ ਜੱਫੀਆਂ

ਜਾਂ

ਉੱਠ ਪਈ ਨੀ ਮੇਰੇ ਦਰਦ ਕਲੇਜੇ
ਭੇਜ ਦਿਉ ਨੀ ਚਿੱਠੀ ਮੇਰੇ ਮਾਹੀ ਨੂੰ

ਕਾਫ਼ੀਆ ਤੇ ਬਲੈਂਕ ਵਰਸ ਮਿਲਿਆ-ਜੁਲਿਆ ਹੋਇਆ ਵੀ ਕਈ ਗੀਤਾਂ ਵਿੱਚ ਦਿਖਾਇਆ ਗਿਆ ਹੈ; ਜਿਸ ਤਰ੍ਹਾਂ :

ਭੰਨੀ ਭੰਨੀ ਮੈਂ ਲਲਾਰੀ ਹੱਟੀ ਜਾਂਦੀ ਆਂ
ਮਾਹੀ ਦਾ ਸਾਫ਼ਾ ਰੰਗਿਓ ਨਾ
ਅਸਾਂ ਮਾਹੀ ਦੀ ਲੋੜ ਕੋਈ ਨਾ
ਅਸਾਂ ਜੋ ਪੇਕੇ ਜਾਣਾ ਏ
ਜਾਣਾ ਏ ਮੁੜ ਆਉਣਾ ਨਹੀਂ
ਸੱਸ ਝਿੜਕੇ ਸਾਨੂੰ ਸਹੁਰਾ ਮਾਰੇ
ਦਿਓਰ ਹਰਾਮੀ ਅੱਖੀਆਂ ਮਾਰੇ
ਚੀਰੇ ਵਾਲੇ ਨੂੰ ਗੱਲ ਵੀ ਨਾ ਆਵੇ
ਗੱਲ ਕਰੇਂਦਾ ਅਈ ਅਈ ਅਈ
ਇਸੇ ਗੱਲੇ ਵੇ ਮੈਂ ਸੜ ਬਲ ਗਈ

ਕਈ ਗੀਤਾਂ ਵਿੱਚ ਕਿਤੇ ਬਲੈਂਕ ਵਰਸ ਕਿਤੇ ਕਾਫ਼ੀਆ ਕਿਤੇ ਛੋਟੀ ਬਹਿਰ ਕਿਤੇ ਵੱਡੀ ਬਹਿਰ ਸਭ ਮਿਲਾ ਜੁਲਾ ਕੇ ਇਸ ਤਰ੍ਹਾਂ ਦਾ ਨਵਾਂ ਸਵਾਦ ਪੈਦਾ ਕਰ ਦਿੱਤਾ ਜਾਂਦਾ ਏ ਕਿ ਅਕਲ ਹੈਰਾਨ ਰਹਿ ਜਾਂਦੀ ਏ ਤੇ ਖ਼ਾਹਮਖ਼ਾਹ ਸ਼ਾਇਰੀ ਦੀ ਦਾਦ ਦੇਣੀ ਪੈਂਦੀ ਏ; ਜਿਸ ਤਰ੍ਹਾਂ ਇਸ ਗੀਤ ਵਿੱਚ ਏ :

ਕਿੱਕਰੀ ਹੇਠ ਖਲੋਤੜੀਏ
ਕਿਉਂ ਹੋਈ ਏਂ ਦਿਲਗੀਰ ਕੁੜੀਏ
ਕੀਕਰ ਬੋਲਾਂ ਵੇ ਮਾਹੀ
ਕੰਨਾਂ ਤੋਂ ਮੈਂ ਬੁੱਚੀ ਆਂ
ਬਾਲੇ ਘੜਾਵਾਂ ਤੇਰੇ ਕੰਨੀਂ ਪਾਵਾਂ
ਸੇਜ ਵਿਛਾਵਾਂ ਘੁੱਟ ਗਲ਼ ਲਾਵਾਂ
ਹੁਣ ਕਿਉਂ ਜਾਨੀ ਏ ਨੱਠ ਕੁੜੀਏ
ਕੋਠਾ ਕਿਉਂ ਜਾਨੀ ਏ ਟੱਪ ਕੁੜੀਏ
ਨਜ਼ਰ ਮਾਹੀ ਵੱਲ ਰੱਖ ਕੁੜੀਏ
ਨੈਣ ਤੇਰੇ ਨੇ ਤੀਰ ਕੁੜੀਏ
ਕਿਉਂ ਹੋਈ ਏਂ ਦਿਲਗੀਰ ਕੁੜੀਏ
ਕਿੱਕਰੀ ਹੇਠ ਖਲੋਤੜੀਏ

ਮਤਲਬ ਇਹ ਵੇ ਕਿ ਇਨ੍ਹਾਂ ਗੀਤਾਂ ਦੇ ਪੜ੍ਹਨ ਨਾਲ ਪੜ੍ਹਨ ਵਾਲਿਆਂ ਨੂੰ ਕਈ ਨਵੀਆਂ ਤਰਜ਼ਾਂ, ਨਵੀਆਂ ਬੰਦਸ਼ਾਂ ਤੇ ਨਵੇਂ-ਨਵੇਂ ਮੀਟਰਾਂ ਦਾ ਗਿਆਨ ਹੋਵੇਗਾ ਤੇ ਤਾਂ

ਉਨ੍ਹਾਂ ਨੂੰ ਪਤਾ ਲੱਗੇਗਾ ਕਿ ਪੰਜਾਬੀ ਜ਼ਬਾਨ ਕੋਈ ਭੁੱਖੀ-ਨੰਗੀ ਜ਼ਬਾਨ ਨਹੀਂ, ਜਿਹਨੂੰ ਦੂਜੀਆਂ ਜ਼ਬਾਨਾਂ ਦੀਆਂ ਤਰਜ਼ਾਂ ਨਕਲ ਕਰਨ ਦੀ ਲੋੜ ਹੋਵੇ। ਪੰਜਾਬੀ ਜ਼ਬਾਨ ਵਿੱਚ ਸਭ ਕੁਝ ਮੌਜੂਦ ਏ, ਸਿਰਫ਼ ਖੋਜ ਕਰਨ ਦੀ ਲੋੜ ਏ।

(6)

ਗੀਤਾਂ ਦੇ ਮਜ਼ਮੂਨ ਬੜੇ ਸਾਦੇ ਨੇ। ਜ਼ਬਾਨ ਵੀ ਬੜੀ ਸਾਦੀ ਤੇ ਸੁਖਾਲੀ ਤੇ ਆਮ ਤੌਰ 'ਤੇ ਭਾਵ ਵੀ ਬੜੇ ਸਿੱਧੇ ਨੇ। ਏਸੇ ਵਾਸਤੇ ਮੈਂ ਇਨ੍ਹਾਂ ਦੀ ਤਸ਼ਰੀਹ ਕਰਨ ਦੀ ਜ਼ਰੂਰਤ ਨਹੀਂ ਸਮਝੀ। ਬਾਕੀ ਰਹੀ ਇਹ ਗਲ ਕਿ ਇਹ ਗੀਤ ਗਾਏ ਕਿਸ ਤਰ੍ਹਾਂ ਜਾਂਦੇ ਨੇ। ਸੋ ਇਹ ਗੱਲ ਲਿਖਣ ਵਿੱਚ ਆਉਣੀ ਮੁਸ਼ਕਿਲ ਏ। ਗੀਤ ਆਮ ਮਸ਼ਹੂਰ ਨੇ। ਕਿਸੇ ਦੇਵੀ ਨੂੰ ਕਹੋ ਉਹ ਤੁਹਾਨੂੰ ਇਨ੍ਹਾਂ ਦੇ ਗਾਏ ਜਾਣ ਦੀ ਤਰਜ਼ ਦੱਸ ਸਕਦੀ ਏ। ਇਨ੍ਹਾਂ ਦੀਆਂ ਸੁਰਾਂ ਵਾਕਿਆ ਹੀ ਬੜੀਆਂ ਮਨ ਨੂੰ ਲੁਭਾਉਣ ਵਾਲੀਆਂ ਨੇ।

(7)

ਇਹ ਗੀਤ ਮੈਂ ਕਿਸ ਤਰ੍ਹਾਂ ਇਕੱਠੇ ਕੀਤੇ ਤੇ ਕਿਥੋਂ ਇਕੱਠੇ ਕੀਤੇ, ਇਹ ਬੜੀ ਲੰਬੀ ਕਹਾਣੀ ਏ। ਦਸ-ਗਿਆਰਾਂ ਸਾਲ ਤੋਂ ਮੈਂ ਇਹ ਇਕੱਠੇ ਕਰ ਰਿਹਾ ਹਾਂ। ਸਿਰਫ਼ ਗੀਤ ਲਿਖਣ ਵਾਸਤੇ ਮੈਂ ਕਈ ਪਿੰਡਾਂ ਵਿੱਚ ਗਿਆ, ਵਿਆਹ-ਸ਼ਾਦੀਆਂ ਵਿੱਚ ਸ਼ਾਮਲ ਹੋਇਆ। ਕਈ ਦੇਵੀਆਂ ਦੇ ਮਿੰਨਤ-ਤਰਲੇ ਕਰਨੇ ਪਏ।ਬੜੀ ਮਿਹਨਤ ਤੇ ਮੁਸ਼ਕਿਲ ਨਾਲ ਮੈਂ ਡੇਢ ਹਜ਼ਾਰ ਦੇ ਕਰੀਬ ਗੀਤਾਂ ਦਾ ਜ਼ਖ਼ੀਰਾ ਇਕੱਠਾ ਕੀਤਾ ਏ। ਗੀਤ ਇਕੱਠੇ ਕਰਨ ਵਿੱਚ ਜੋ ਮਸ਼ਕਿਲ ਪੈਂਦੀ ਏ, ਉਹ ਤੁਹਾਨੂੰ ਤਾਂ ਹੀ ਪਤਾ ਲੱਗ ਸਕਦੀ ਏ ਜੇ ਕਦੇ ਤੁਸੀਂ ਦਸ-ਪੰਦਰਾਂ ਗੀਤ ਇਕੱਠੇ ਕਰ ਕੇ ਦੇਖੋ। ਪੜ੍ਹੀਆਂ-ਲਿਖੀਆਂ ਭੈਣਾਂ ਨੂੰ ਤਾਂ ਗੀਤ ਆਉਂਦੇ ਹੀ ਨਹੀਂ। ਅਨਪੜ੍ਹ ਭੈਣਾਂ ਸ਼ਰਮ ਦੇ ਮਾਰੇ ਤੁਹਾਡੇ ਸਾਹਮਣੇ ਬੋਲਣਗੀਆਂ ਹੀ ਨਹੀਂ। ਜੇ ਉਹ ਬੋਲਣਾ ਸ਼ੁਰੂ ਕਰ ਦੇਣ ਤੇ ਝੱਟ ਭੁੱਲ ਜਾਣਗੀਆਂ। ਗੱਲ ਕੀ, ਇਹ ਗੀਤ ਅਨਪੜ੍ਹ ਭੈਣਾਂ ਦੀ ਯਾਦ ਵਿੱਚ ਉਦੋਂ ਹੀ ਉਤਰਦੇ ਨੇ ਜਦੋਂ ਉਹ ਦੋ-ਚਾਰ ਇਕੱਠੀਆਂ ਹੋ ਕੇ ਸੁਰ ਨਾਲ ਗਾਉਣਾ ਸ਼ੁਰੂ ਕਰਨ ਤੇ ਜਦੋਂ ਉਹ ਗਾ ਰਹੀਆਂ ਹੋਣ ਤਾਂ ਉਸ ਵੇਲੇ ਲਿਖਣਾ ਔਖਾ ਹੁੰਦਾ ਏ। ਜੇ ਭੈਣਾਂ-ਭਰਾਵਾਂ ਨੇ ਮੇਰੀ ਮਿਹਨਤ ਦੀ ਕਦਰ ਕੀਤੀ ਤਾਂ ਮੈਂ ਇਸ ਸਿਲਸਿਲੇ ਦੀਆਂ ਦੋ-ਚਾਰ ਹੋਰ ਕਿਤਾਬਾਂ ਵੀ ਪੇਸ਼ ਕਰਾਂਗਾ।

ਰਾਮ ਸਰਨ ਪੰਡਿਤ
ਬੀ.ਏ., ਐੱਲ.ਐੱਲ.ਬੀ.,
ਐਡਵੋਕੇਟ ਲਾਹੌਰ।

ਢੋਲਕੀ ਦੇ ਗੀਤ

ਮਹਿੰਦੀ

ਨੀ ਲੈ ਦੇ ਮਾਏ
ਕਾਲ਼ਿਆਂ ਬਾਗ਼ਾਂ ਦੀ ਮਹਿੰਦੀ
ਗਲੀ ਗਲੀ ਮੈਂ ਪੱਤਰ ਚੁਣੇਂਦੀ ਆਂ,
ਲੋਕੀਂ ਕਹਿੰਦੇ ਮਸਤਾਨੀ
ਨੀ ਲੈ ਦੇ ਮਾਏ
ਕਾਲ਼ਿਆਂ ਬਾਗ਼ਾਂ ਦੀ ਮਹਿੰਦੀ
ਨਾ ਮਸਤਾਨੀ, ਨਾ ਮੈਂ ਦੀਵਾਨੀ
ਲੱਗ ਗਈ ਇਸ਼ਕ ਦੀ ਕਾਨੀ
ਨੀ ਲੈ ਦੇ ਮਾਏ ਕਾਲ਼ਿਆਂ ਬਾਗ਼ਾਂ ਦੀ ਮਹਿੰਦੀ
ਘੋਲ ਮਹਿੰਦੀ ਮੈਂ ਹੱਥਾਂ 'ਤੇ ਲਾਨੀ ਆਂ
ਵਹੁਟੜੀ ਬਣ-ਬਣ ਬਹਿੰਦੀ
ਨੀ ਲੈ ਦੇ ਮਾਏ ਕਾਲ਼ਿਆਂ ਬਾਗ਼ਾਂ ਦੀ ਮਹਿੰਦੀ
ਮਹਿੰਦੀ ਦਾ ਰੰਗ ਜੋ ਹੱਥਾਂ ਤੇ ਚੜ੍ਹਿਆ
ਕਿਆ ਸੋਹਣੀ ਫਬ ਫਬ ਪੈਂਦੀ।
ਨੀ ਲੈ ਦੇ ਮਾਏ ਕਾਲ਼ਿਆਂ ਬਾਗ਼ਾਂ ਦੀ ਮਹਿੰਦੀ,
ਜਿਨ੍ਹਾਂ ਦੇ ਕੌਂਤ ਧੀਏ ਨਿੱਤ ਪਰਦੇਸੀ,
ਉਨ੍ਹਾਂ ਨੂੰ ਮਹਿੰਦੀ ਕੀ ਕਹਿੰਦੀ
ਨੀ ਲੈ ਦੇ ਮਾਏ ਕਾਲ਼ਿਆਂ ਬਾਗ਼ਾਂ ਦੀ ਮਹਿੰਦੀ

ਮਾਹੀ ਦੀ ਨਿਸ਼ਾਨੀ

ਚੀਚੀ ਵਾਲਾ ਛੱਲਾ ਦੇ ਜਾ ਨਿਸ਼ਾਨੀ।
ਦੇ ਜਾ ਨਿਸ਼ਾਨੀ ਤੇਰੀ ਹੋਵੇ ਮਿਹਰਬਾਨੀ।
ਤੇਰੀ ਜੀਵੇ ਜ਼ਿੰਦਗਾਨੀ
ਚੀਚੀ ਵਾਲਾ ਛੱਲਾ ਦੇ ਜਾ ਨਿਸ਼ਾਨੀ।
ਚੁਣ ਚੁਣ ਕਲੀਆਂ ਸੇਜ ਵਿਛਾਵਾਂ
ਸੋਵੇ ਚਾਕ ਰਾਜਾ ਸੁਵਾਵੇ ਹੀਰ ਰਾਣੀ
ਚੁਣ ਚੁਣ ਕੰਕਰਾਂ ਮਹਿਲ ਉਸਾਰਾਂ,
ਵੱਸੇ ਚਾਕ ਰਾਜਾ, ਵਸਾਵੇ ਹੀਰ ਰਾਣੀ,
ਸੋਨੇ ਦੀ ਥਾਲੀ ਵਿੱਚ ਭੋਜਨ ਪਰੋਸਾਂ
ਖਾਵੇ ਚਾਕ ਰਾਜਾ ਖਲਾਵੇ ਹੀਰ ਰਾਣੀ
ਚੀਚੀ ਵਾਲਾ ਛੱਲਾ ਦੇ ਜਾ ਨਿਸ਼ਾਨੀ।

ਕਮਲੀ ਦਿਆ ਸਾਈਂ

ਮੈਂ ਕਮਲੀ ਦਿਆ ਸਾਈਂ, ਨਿਭਾਈਂ
ਜਿਵੇਂ ਲਾਈਆਂ ਯਾਰੀਆਂ।
ਅੰਦਰ ਵੜ ਕੇ ਪ੍ਰੀਤਾਂ ਪਾਈਆਂ
ਬਾਹਰ ਨਾ ਸ਼ੋਰ ਮਚਾਈਂ, ਨਿਭਾਈਂ।
ਜਿਵੇਂ ਲਾਈਆਂ ਯਾਰੀਆਂ
ਨਦੀ ਕਿਨਾਰੇ, ਚੀਕਾਂ ਮਾਰਾਂ
ਆਈਂ ਤੇ ਪਾਰ ਲੰਘਾਈ, ਨਿਭਾਈਂ
ਜਿਵੇਂ ਲਾਈਆਂ ਯਾਰੀਆਂ।
ਕੰਨ ਪੜਵਾ ਰਾਂਝਾ ਜੋਗੀ ਹੋਇਆ
ਘਰ ਘਰ ਅਲਖ ਜਗਾਈਂ, ਜਗਾਈਂ,
ਜਿਵੇਂ ਲਾਈਆਂ ਯਾਰੀਆਂ।

ਪੀਆ ਦੀ ਬੰਦੀ

ਪਾ ਪਲੜਾ ਹੱਥ ਜੋੜ ਰਹੀ
ਪੀਆ ਮੁੜਿਆ ਨਾ ਬੰਦੀ ਮੋੜ ਰਹੀ।

ਪੀਆ ਜਲ ਬਿਨ ਮਛਲੀ ਤੜਫ ਰਹੀ।
ਹਾਇ ਦੇਵੋ ਦਰਸ਼ਨ ਜਿੰਦ ਤਰਸ ਰਹੀ।

ਪੀਆ ਦੱਸ ਕੇ ਨਾ ਗਏ ਕਦੋਂ ਆਉਗੇ।
ਮੈਨੂੰ ਕਮਲੀ ਨੂੰ ਆ ਗਲ਼ ਲਾਉਗੇ।

ਤਾਰੇ ਗਿਣਦਿਆਂ, ਗਿਣਦਿਆਂ ਰਾਤ ਗਈ।
ਤੁਸੀਂ ਅਜੇ ਵੀ ਨਾ ਆਏ, ਕਮਲੀ ਡੋਲ ਗਈ।

ਪੀਆ ਇਸ ਵਿਛੋੜੇ ਨਾਲੋਂ ਮੌਤ ਚੰਗੀ।
ਤੁਸੀਂ ਅਜੇ ਵੀ ਨਾ ਆਏ, ਜਿੰਦ ਤਰਸ ਗਈ।

ਮੈਂ ਤੈਨੂੰ ਕੀ ਆਖਾਂ

ਢੋਲ ਸੱਜਣਾ, ਮੈਨੂੰ ਗ਼ਮ ਤੇਰਾ।
ਢੋਲ ਪੁੱਤਰ ਪਰਾਇਆ, ਸੱਦਿਆ ਨਹੀਂ ਆਇਆ।

ਢੋਲ ਮੇਰਾ ਹਾਣੀ, ਦੋ ਘੁੱਟ ਦੇ ਪਾਣੀ।
ਢੋਲ ਪੱਕੀਆਂ ਨਾਖਾਂ, ਮੈਂ ਤੈਨੂੰ ਕੀ ਆਖਾਂ।

ਢੋਲ ਪੱਕੇ ਹਦਵਾਣੇ, ਸਾਡੇ ਕਿਸ ਖਾਣੇ
ਢੋਲ ਪੱਕੇ ਕਰੇਲੇ, ਵਿਛੜੇ ਰੱਬ ਮੇਲੇ।

ਢੋਲ ਬੰਦੀ ਦਿਆ ਬੰਦਿਆ, ਲੜ ਕੇ ਕੀ ਵੰਡਿਆ।
ਢੋਲ ਮਾਂ ਨਾਲ ਲੜਿਆ, ਸਾਨੂੰ ਚੰਨ ਚੜ੍ਹਿਆ।

ਜੜਾਊ ਬੁੰਦੇ

ਲੈ ਦੇ ਜੜਾਊ ਸਾਨੂੰ ਬੁੰਦੇ।
ਵੇ ਅਸਾਂ ਤੇਰੇ, ਤਦ ਵਸਣਾ ਏਂ।
ਸਾਰੀ ਤੂੰ ਜੜਤ ਜੜਾ ਵੇ ।
ਵੇ ਅਸਾਂ ਤੇਰੇ, ਤਦ ਵਸਣਾ ਏਂ।

ਬੁੰਦਿਆਂ ਵਾਲਿਆ, ਸਾਡੀ ਗਲੀ ਆਵੀਂ।
ਆਵੀਂ ਤੂੰ ਮਾਹੀ ਮੇਰੇ ਦੇ ਹੁੰਦੇ
ਅਸਾਂ ਤੇਰੇ ਤਦ ਵਸਣਾ ਏਂ।

ਹੋਰਨਾਂ ਰੰਨਾਂ ਨੂੰ ਲੈ ਲੈ ਦੇਨਾਂ ਏਂ।
ਇਹ ਕੰਮ ਲੁੱਚਿਆਂ ਦੇ ਹੁੰਦੇ।
ਅਸਾਂ ਤੇਰੇ ਤਦ ਵਸਣਾ ਏਂ।

ਤੇਰੇ ਜਹੇ ਸਾਨੂੰ ਹੋਰ ਬਥੇਰੇ।
ਸੋਹਣੇ ਤੇ ਸ਼ੌਂਕੀ, ਬਾਂਕੇ ਮੁੰਡੇ।
ਅਸਾਂ ਤੇਰੇ ਤਦ ਵਸਣਾ ਏਂ।

ਪਾ ਬੁੰਦੇ ਮੈਂ ਬਾਰੀ ਵਿੱਚ ਬਹਿਨੀ ਆਂ।
ਹੇਠੋਂ ਦੀ ਲੰਘ ਜਾ ਮੇਰੀਏ, ਜਿੰਦੇ।
ਵੇ ਅਸਾਂ ਤੇਰੇ ਤਦ ਵਸਣਾ ਏਂ।

ਲੈ ਦੇ ਜੜਾਊ ਸਾਨੂੰ ਬੁੰਦੇ,
ਵੇ ਅਸਾਂ ਤੇਰੇ ਤਦ ਵਸਣਾ ਏਂ।

ਮੋੜ ਮੁਹਾਰਾਂ ਨੂੰ

ਸੌਦਾਗਰ ਤੁਰ ਚੱਲੇ, ਬਿਉਪਾਰਾਂ ਨੂੰ ।
ਖ਼ੈਰੀਂ ਨਾਲ ਮੋੜ ਮੁਹਾਰਾਂ ਨੂੰ ।

ਬਾਗ਼ ਮੇਰੇ ਵਿੱਚ ਅੰਬ ਬੂਟਾ।
ਹੁਸਨ ਜਵਾਨੀ ਕੋਈ ਦਮ ਝੂਟਾ।
ਹੁਸਨ ਜਵਾਨੀ ਕੋਈ ਦਮ ਝੂਟਾ।
ਖ਼ੈਰੀਂ ਨਾਲ ਮੋੜ ਮੁਹਾਰਾਂ ਨੂੰ
ਸੌਦਾਗਰ ਤੁਰ ਚੱਲੇ ਬਿਉਪਾਰਾਂ ਨੂੰ।

ਉੱਠ ਕੁੱਕੜਾ ਅੜਿਆ ਸੁਬ੍ਹਾ ਵੇਲੇ
ਜਿੰਦ ਕਮਲੀ ਢੂੰਡਾਂ ਵਿੱਚ ਬੇਲੇ।
ਜਿੰਦ ਕਮਲੀ ਢੂੰਡਾਂ ਵਿੱਚ ਬੇਲੇ।
ਖ਼ੈਰੀਂ ਨਾਲ ਮੋੜ ਮੁਹਾਰਾਂ ਨੂੰ।
ਸੌਦਾਗਰ ਤੁਰ ਚੱਲੇ ਬਿਉਪਾਰਾਂ ਨੂੰ।

ਮਾਹੀ ਮੇਰਾ ਅੜੀਉ ਮਿਰਚਾਂ ਤੋਲਦਾ।
ਮੈਂ ਕਮਲੀ ਨਾਲ ਕਿਉਂ ਨਹੀਂ ਬੋਲਦਾ ।
ਮੈਂ ਕਮਲੀ ਨਾਲ ਕਿਉਂ ਨਹੀਂ ਬੋਲਦਾ।
ਖ਼ੈਰੀਂ ਨਾਲ ਮੋੜ ਮੁਹਾਰਾਂ ਨੂੰ।
ਸੌਦਾਗਰ ਤੁਰ ਚੱਲੇ ਬਿਉਪਾਰਾਂ ਨੂੰ।

ਮਾਹੀ ਮੇਰੇ ਦਾ ਰੰਗ ਜ਼ਰਦ ਏ।
ਅੱਲਾ ਜਾਣੇ ਤੈਨੂੰ ਕਿਹੜੀ ਮਰਜ਼ ਏ।
ਅੱਲਾ ਜਾਣੇ ਤੈਨੂੰ ਕਿਹੜੀ ਮਰਜ਼ ਏ।
ਖ਼ੈਰੀਂ ਨਾਲ ਮੋੜ ਮੁਹਾਰਾਂ ਨੂੰ।
ਸੌਦਾਗਰ ਤੁਰ ਚੱਲੇ ਬਿਉਪਾਰਾਂ ਨੂੰ।

ਉਡ ਚਿੜੀਏ

ਨਾ ਰੋਲ ਰਾਵਲ ਨਾ ਰੁਲਾ ਸਾਨੂੰ।
ਸੁਖੀ ਆਪ ਵਸੋ ਦੁੱਖ ਪਾ ਸਾਨੂੰ।

ਉੱਡ ਚਿੜੀਏ, ਉੱਡ ਬਹਿ ਜਾ ਛਿੱਟੀਆਂ
ਢੋਲ ਪਰਦੇਸੀ ਸੱਸ ਦੇਵੇ ਮੱਤੀਆਂ
ਨਾ ਰੋਲ ਰਾਵਲ ਨਾ ਰੁਲਾ ਸਾਨੂੰ

ਉੱਡ ਚਿੜੀਏ ਉੱਡ, ਬਹਿ ਜਾ ਕਾਨੇ
ਢੋਲ ਪਰਦੇਸੀ ਸੱਸ ਦੇਵੇ ਤਾਅਨੇ
ਨਾ ਰੋਲ ਰਾਵਲ ਨਾ ਰੁਲਾ ਸਾਨੂੰ।

ਉੱਡ ਚਿੜੀਏ ਉੱਡ, ਬਹਿ ਜਾ ਬਾਰੀ,
ਢੋਲ ਪਰਦੇਸੀ ਸੱਸ ਦੇਵੇ ਗਾਲੀ।
ਨਾ ਰੋਲ ਰਾਵਲ ਨਾ ਰੁਲਾ ਸਾਨੂੰ

ਉੱਡ ਚਿੜੀਏ ਉੱਡ, ਬਹਿ ਜਾ ਟਾਲ੍ਹੀ।
ਢੋਲ ਪਰਦੇਸੀ, ਦੇਵਰ ਬੰਦੇ ਵਾਲੀ
ਨਾ ਰੋਲ ਰਾਵਲ ਨਾ ਰੁਲਾ ਸਾਨੂੰ।
ਸੁਖੀ ਆਪ ਵਸੋ ਦੁੱਖ ਪਾ ਸਾਨੂੰ

ਪਿੱਪਲ ਦਿਆ ਪੱਤਿਆ

ਪਿੱਪਲ ਦਿਆ ਪੱਤਿਆ, ਵੇ ਕਿਹੀ ਖੜ ਖੜ ਲਾਈ ਆ।
ਪੱਤ ਝੜ ਪਏ ਪੁਰਾਣੇ, ਰੁੱਤ ਨਵਿਆਂ ਦੀ ਆਈ ਆ।

ਪਿੱਪਲ ਦਿਆ ਪੱਤਿਆ ਵੇ ਕੇਹੀ ਛੋਡੀ ਲਾਲੀ ਆ।
ਅਹਿਲ ਜੁਆਨੀ ਢੋਲਾ, ਅਸਾਂ ਪੇਕੇ ਗਾਲ਼ੀ ਆ।

ਪਿੱਪਲ ਦਿਆ ਪੱਤਿਆ ਵੇ ਕਿਹੀਆ ਛਾਂ ਤੂੰ ਕੀਤੀ ਆ।
ਅਹਿਲ ਜਵਾਨੀ ਵੇ ਮੈਂ ਢੋਲ ਪਿਆਰੇ ਦੀ ਕੀਤੀ ਆ।

ਪਿੱਪਲ ਦਿਆ ਪੱਤਿਆ ਵੇ ਕਿਹੀਆਂ ਛੋਡੀਆਂ ਲਗਰਾਂ ਨੀ।
ਕੌਣ ਲਿਆਵੇ ਵੇ ਢੋਲ ਪਰਦੇਸੀ ਦੀਆਂ ਖ਼ਬਰਾਂ ਨੀ।

ਪਿੱਪਲ ਦਿਆ ਪੱਤਿਆ ਵੇ, ਤੇਰੇ ਪੱਤ ਨੀ ਸਾਵੇ ਵੇ।
ਨਿੱਤ ਕੁਰਲਾਵਾਂ ਬੀਬਾ ਮੈਂ ਤੇਰੇ ਈ ਹਾਵੇ ਵੇ।

ਨਿੱਕਾ ਮੋਟਾ ਬਾਜਰਾ

ਨਿੱਕਾ ਮੋਟਾ ਬਾਜਰਾ ਮਾਹੀ ਵੇ,
ਮੇਰਾ ਕੌਣ ਚਰੇਸੀ ਢੋਲਾ।
ਨਿੱਕਾ ਮੋਟਾ ਬਾਜਰਾ, ਗੋਰੀਏ,
ਤੇਰਾ ਮੈਂ ਚਰੇਸੀਆਂ ਢੋਲਾ।

ਸੂਹਾ ਮੇਰਾ ਚਰਖ਼ਾ ਮਾਹੀ ਵੇ,
ਰੰਗ ਚਾਇਆ ਮੁੰਨੀਆਂ ਢੋਲਾ।
ਢੋਲ ਪਰਦੇਸੀ ਸਿਉ
ਕੀ ਬਣਦਾ ਏ ਰੁੰਨਿਆਂ ਢੋਲਾ

ਸੂਹਾ ਮੇਰਾ ਚਰਖ਼ਾ ਸਿਉ
ਅੰਗਰੇਜ਼ੀ ਚੜ੍ਹੇ ਢੋਲਾ
ਢੋਲ ਹਰਾਮੀ ਮਾਹੀ ਵੇ,
ਚੜ੍ਹ ਸੌਂਦਾ ਏ ਬੰਗਲੇ ਢੋਲਾ।

ਮਹਿਲਾਂ ਤੋਂ ਉਤਰੀ ਮਾਹੀ ਵੇ,
ਚੱਲ ਪਾਣੀਏ ਨੂੰ ਚੱਲੀਏ ਢੋਲਾ।
ਘੜਾ ਚੁਕਾਵੀਂ ਮਾਹੀ ਵੇ
ਸਾਨੂੰ ਹੱਥ ਨਾ ਲਾਵੀਂ ਢੋਲਾ।

ਘੜਾ ਚੁਕਾਇਆ, ਮਾਹੀ ਵੇ,
ਮੇਰੀ ਫੜ ਲਈ ਵੀਣੀ ਢੋਲਾ।
ਛੱਡ ਦੇ ਵੀਣੀ ਮਾਹੀ ਵੇ,
ਸਾਡੀ ਜ਼ਾਤ ਕਮੀਨੀ ਢੋਲਾ।

ਜੁੱਤੀ ਨਿਬਾਤੀ ਮਾਹੀ ਵੇ,
ਕਿਉਂ ਤੁਰਿਉਂ ਰਾਤੀਂ ਢੋਲਾ।
ਲੱਕ ਤੇਰਾ ਪਤਲਾ ਮਾਹੀ ਵੇ।
ਤੇਰੀ ਚੌੜੀ ਛਾਤੀ ਢੋਲਾ।

ਮੁੜ ਵੇ ਵਿਗੜੇ ਮਾਹੀ ਵੇ,
ਕਦੀ ਸਾਰ ਨਾ ਜਾਤੀ ਢੋਲਾ।
ਚੜ੍ਹਿਉਂ ਸੜਕੇ ਮਾਹੀ ਵੇ,
ਸਾਡਾ ਕਾਲਜਾ ਧੜਕੇ, ਢੋਲਾ।

ਚੜ੍ਹਿਉਂ ਰੇਲੇ ਮਾਹੀ ਵੇ,
ਕਦੋਂ ਹੋਸਣ ਮੇਲੇ, ਢੋਲਾ।
ਸਿਰ ਮੇਰੇ ਮੌਲ਼ੀ ਮਾਹੀ ਵੇ,
ਕਿਉਂ ਤੁਰਨਾ ਏਂ ਹੌਲੀ ਢੋਲਾ।

ਮਿੱਠਾ ਪਤਾਸਾ ਮਾਹੀ ਵੇ।
ਕਿਉਂ ਨਿਕਲੇ ਹਾਸਾ ਢੋਲਾ।

ਪੁੱਛਣ ਸਹੇਲੀਆਂ, ਮਾਹੀ ਵੇ
ਨੇਹੁੰ ਕੀਕਣ ਲਾਈਦਾ ਢੋਲਾ।
ਪਹਿਲੋਂ ਅੱਖੀਆਂ ਮਾਹੀ ਵੇ,
ਫੇਰ ਰਲ–ਮਿਲ ਜਾਈਦਾ ਢੋਲਾ।

ਵਗਦੀ ਰਾਵੀ ਮਾਹੀ ਵੇ।
ਵਿੱਚ ਦੋ ਫੁੱਲ ਕਾਲੇ ਢੋਲਾ।
ਇੱਕ ਫੁੱਲ ਮੰਗਿਆ ਮਾਹੀ ਵੇ,
ਤੁਸੀਂ ਬਾਗ਼ਾਂ ਵਾਲੇ ਢੋਲਾ।

ਵਗਦੀ ਏ ਰਾਵੀ ਮਾਹੀ ਵੇ,
ਵਿੱਚ ਦੋ ਫੁੱਲ ਪੀਲ਼ੇ ਢੋਲਾ।
ਇੱਕ ਫੁੱਲ ਮੰਗਿਆ, ਮਾਹੀ ਵੇ।
ਕਿਉਂ ਪਇਓਂ ਦਲੀਲੇ ਢੋਲਾ।

ਵਗਦੀ ਰਾਵੀ ਮਾਹੀ ਵੇ,
ਵਿੱਚ ਟਛਾਂ ਚਲਾਈ ਦਾ ਢੋਲਾ।
ਮੈਂ ਨਾ ਜੰਮਦੀ ਮਾਹੀ ਵੇ
ਤੂੰ ਕਿੱਥੋਂ ਵਿਆਹੀ ਦਾ ਢੋਲਾ।

ਛੱਲਾ ਪਿਆ ਬਨੇਰੇ

ਸ਼ਾਵਾ ਮੇਰੇ ਛੱਲਿਆ,
ਦਾਣਾ ਪਾਣੀ ਚੱਲਿਆ।
ਛੱਲਾ ਪਿਆ ਬਨੇਰੇ
ਵੱਸ ਨਹੀਓਂ ਮੇਰੇ
ਕਾਹਨੂੰ ਪਾਨਾ ਏ ਫੇਰੇ
ਵੱਸ ਮੇਰੀ ਮਾਂ ਦੇ ਘਲੇਗੀ ਤਾਂ ਜਾਂਗੇ।
ਸ਼ਾਵਾ ਮੇਰੇ ਛੱਲਿਆ
ਦਾਣਾ ਪਾਣੀ ਚੱਲਿਆ

ਛੱਲਾ ਪਿਆ ਖੂਹ ਤੇ,
ਆਵੀਂ ਸਾਡੀ ਜੂਹ ਤੇ,
ਗੱਲਾਂ ਕਰੀਏ ਮੂੰਹ ਤੇ,
ਸ਼ਾਵਾ ਮੇਰੇ ਛੱਲਿਆ, ਦਾਣਾ ਪਾਣੀ ਚੱਲਿਆ।

ਛੱਲਾ ਚਿੱਟੀ ਚਾਂਦੀ ਸੌਕਣ ਪੈ ਗਈ ਮਾਂਦੀ
ਜੁੱਤੀ ਪੁੱਛਣ ਜਾਂਦੀ,
ਕਾਹਨੂੰ ਪਾਨਾ ਏਂ ਫੇਰੇ
ਵੱਸ ਮੇਰੀ ਮਾਂ ਦੇ, ਘਲੇਗੀ ਤਾਂ ਜਾਂਗੇ।
ਸ਼ਾਵਾ ਮੇਰੇ ਛੱਲਿਆ

ਛੱਲਾ ਮੇਰੇ ਹੱਥ ਦਾ, ਪੁੱਤਰ ਮੇਰੀ ਸੱਸ ਦਾ,
ਭੇਤ ਨਹੀਂ ਦੱਸਦਾ,
ਕਾਹਨੂੰ ਪਾਨਾ ਏਂ ਫੇਰੇ।
ਵੱਸ ਮੇਰੀ ਮਾਂ ਦੇ, ਘਲੇਗੀ ਤਾਂ ਜਾਂਗੇ।
ਸ਼ਾਵਾ ਮੇਰੇ ਛੱਲਿਆ

ਛੱਲਾ ਨੌਂ ਨੌਂ ਥੇਵੇ, ਪੁੱਤਰ ਮਿੱਠੜੇ ਮੇਵੇ
ਜਿਨ੍ਹਾਂ ਨੂੰ ਰੱਬ ਦੇਵੇ, ਕਾਹਨੂੰ ਪਾਨਾ ਏਂ ਫੇਰੇ,
ਵੱਸ ਮੇਰੀ ਮਾਂ ਦੇ, ਘੱਲੇਗੀ ਤਾਂ ਜਾਂਗੇ।
ਸ਼ਾਵਾ ਮੇਰੇ ਛੱਲਿਆ

ਛੱਲਾ ਪਿਆ ਲਿੱਦ ਤੇ, ਸੌਂਕਣ ਚੜ੍ਹ ਗਈ ਜਿੱਦ ਤੇ,
ਲੱਤਾਂ ਮਾਰੇ ਢਿੱਡ ਤੇ, ਕਾਹਨੂੰ ਪਾਨਾ ਏਂ ਫੇਰੇ,
ਵੱਸ ਮੇਰੀ ਮਾਂ ਦੇ, ਘੱਲੇਗੀ ਤਾਂ ਜਾਂਗੇ।
ਸ਼ਾਵਾ ਮੇਰੇ ਛੱਲਿਆ।

ਛੱਲਾ ਪਿਆ ਬੇੜੀ, ਮਾਂ ਖੜਾਚੀ ਤੇਰੀ
ਤਾਂ ਹੱਥੀਂ ਪੈਨਾ ਏਂ ਮੇਰੀ, ਕਾਹਨੂੰ ਪਾਨਾ ਏਂ ਫੇਰੇ,
ਵੱਸ ਮੇਰੀ ਮਾਂ ਦੇ, ਘੱਲੇਗੀ ਤਾਂ ਜਾਂਗੇ।
ਸ਼ਾਵਾ ਮੇਰੇ ਛੱਲਿਆ।

ਛੱਲਾ ਧਰਿਆ ਧੋ ਕੇ, ਮਾਹੀ ਟੁਰਿਆ ਰੋ ਕੇ
ਵਿਹੜੇ ਵਿੱਚ ਖਲੋ ਕੇ, ਕਾਹਨੂੰ ਪਾਨਾ ਏਂ ਫੇਰੇ,
ਵੱਸ ਨਹੀਂ ਮੇਰੇ,
ਵੱਸ ਮੇਰੀ ਮਾਂ ਦੇ, ਘੱਲੇਗੀ ਤਾਂ ਜਾਂਗੇ।
ਸ਼ਾਵਾ ਮੇਰੇ ਛੱਲਿਆ, ਦਾਣਾ ਪਾਣੀ ਚੱਲਿਆ।

ਮੇਰੀ ਮੁੰਦਰੀ

ਮੇਰੀ ਮੁੰਦਰੀ ਦੇ ਜਾ ਮਾਹੀਆ
ਮੈਂ ਵਖ਼ਤਾਂ ਨਾਲ ਬਣਾਈਆ
ਇਹ ਮੁੰਦਰੀ ਮੇਰੀ ਪਈ ਭੜੋਲੇ।
ਬੀਜੀ ਕਣਕ ਤੇ ਉੱਗ ਪਏ ਛੋਲੇ।
ਹੋਲ਼ਾਂ ਦੀ ਰੁੱਤ ਆਈ ਆ
ਮੇਰੀ ਮੁੰਦਰੀ ਦੇ ਜਾ ਮਾਹੀਆ।

ਇਹ ਮੁੰਦਰੀ ਮੇਰੀ ਲੈ ਗਿਆ ਚਿੜਾ
ਲਾਹੌਰ ਦੀਆਂ ਵਹੁਟੀਆਂ, ਪਿਸ਼ੌਰ ਦਾ ਕਿੜਾ।
ਜਲੰਧਰੋਂ ਗੁੱਤ ਕਰਾਈ ਆ
ਮੇਰੀ ਮੁੰਦਰੀ ਦੇ ਜਾ ਮਾਹੀਆ।

ਇਹ ਮੁੰਦਰੀ ਮੇਰੀ ਪਈ ਪਰਾਤੇ।
ਪੰਜ ਰੁਪੱਈਏ ਪਹਿਲੀ ਰਾਤੇ।
ਸ਼ਗਨਾਂ ਦੀ ਰੁੱਤ ਆਈ ਆ।
ਮੇਰੀ ਮੁੰਦਰੀ ਦੇ ਜਾ ਮਾਹੀਆ।

ਇਹ ਮੁੰਦਰੀ ਮੇਰੀ ਦੇ ਦੇ ਨਿੱਕਿਆ।
ਹੁਣ ਕਿਉਂ ਰੋਣਾ ਏਂ, ਮਾਂ ਪਿਉ ਪਿੱਟਿਆ।
ਰੜੇ ਤੇ ਯਾਰੀ ਲਾਈ ਆ
ਮੇਰੀ ਮੁੰਦਰੀ ਦੇ ਜਾ ਮਾਹੀਆ

ਵੰਙਾਂ

ਇਹ ਵੰਙਾਂ ਮੇਰੀ ਮਾਂ ਚੜ੍ਹਾਈਆਂ
ਇਹ ਮੈਂ ਰੱਖਾਂ ਕਲੇਜੇ ਨਾਲ।
ਵੀਣੀ ਪਤਲੀ
ਵੰਙਾਂ ਟੋਕਵੀਆਂ

ਇਹ ਵੰਙਾਂ ਮੇਰੇ ਮਾਹੀ ਚੜ੍ਹਾਈਆਂ।
ਇਹ ਮੈਂ ਰੱਖਾਂ ਅੱਖੀਆਂ ਦੇ ਨਾਲ
ਚੰਨ ਜੀ ਨਿੱਕੀਆਂ
ਤੌਬਾ ਨਿੱਕੀਆਂ
ਦੋ ਡੁੱਲ੍ਹੇ ਗੁਲਾਬੇ
ਚਾੜ੍ਹ ਚੰਨ ਮੇਰੇ ਦਿੱਤੀਆਂ
ਵੀਣੀ ਪਤਲੀ
ਵੰਙਾਂ ਟੋਕਵੀਆਂ

ਇਹ ਵੰਙਾਂ ਮੇਰੀ ਸੱਸ ਨੇ ਚੜ੍ਹਾਈਆਂ
ਇਹ ਮੈਂ ਭੰਨਾਂ ਮਹਿਲ ਦੇ ਨਾਲ।
ਵੀਣੀ ਪਤਲੀ
ਵੰਙਾਂ ਟੋਕਵੀਆਂ

ਨੀ ਤੂੰ ਸੁਣ ਪੁੱਤਰੇ ਦੀਏ ਮਾਂ।
ਆਪਣੇ ਪੁੱਤਰੇ ਨੂੰ ਸਮਝਾ
ਸਾਡੀ ਵੀਣੀ ਮਰੋੜ ਕੇ ਮੁੱਕਰ ਗਿਆ।
ਇਤਨਾ ਮੁੱਕਰ ਗਿਆ ਮੁਕਰਾਨ।
ਸਾਡੀ ਵਖ਼ਤਾਂ ਦੇ ਵਿੱਚ ਜਾਨ ।
ਸਾਥੋਂ ਪੱਲਾ ਛੁੜਾ ਕੇ ਨਿਕਲ ਗਿਆ।
ਵੀਣੀ ਪਤਲੀ
ਵੰਙਾਂ ਟੋਕਵੀਆਂ।

ਕੁਪੱਤੀ ਸੱਸ

ਸੱਸ ਜੋ ਮੇਰੀ ਬੜੀ ਕੁਪੱਤੀ, ਗੋਹੜੇ ਦਿੰਦੀ ਵੰਡ।
ਜਾਂ ਮੈਂ ਚਰਖ਼ਾ ਕੱਤਣ ਲੱਗੀ, ਕਾਕੇ ਪਾ ਦਿੱਤੀ ਡੰਡ।
ਹੁਣ ਮੈਂ ਚਰਖ਼ਾ ਕੱਤਾਂ ਕਿ ਕਾਕਾ ਰੱਖਾਂ ?

ਸ਼ਾਬਾਸ਼ੇ ਇਸ ਕਾਕੇ ਦਾ ਜਿਨ ਮੇਰਾ ਕਦਰ ਵਧਾਇਆ।
ਸ਼ਾਬਾਸ਼ੇ ਕਾਕੇ ਦੇ ਬਾਪੂ ਦੇ ਜਿਹੜਾ ਸੂਤਰ ਲੈ ਘਰ ਆਇਆ।

ਹੁਣ ਮੈਂ ਕਾਕੇ ਨੂੰ ਲੈ ਕੇ ਬਹਿ ਰਹਿਨੀ ਆਂ
ਸੁੱਖੀਂ ਲੱਧੇ ਨੂੰ ਲੈ ਕੇ ਬਹਿ ਰਹਿਨੀ ਆਂ।

ਸੱਸ ਜੋ ਮੇਰੀ ਬੜੀ ਕੁਪੱਤੀ, ਦਾਣੇ ਦੇਂਦੀ ਵੰਡ।
ਜਾਂ ਮੈਂ ਚੱਕੀ ਪੀਸਣ ਲੱਗੀ ਕਾਕੇ ਪਾ ਦਿੱਤੀ ਡੰਡ।

ਹੁਣ ਮੈਂ ਚੱਕੀ ਪੀਸਾਂ ਕਿ ਕਾਕਾ ਰੱਖਾਂ ?
ਸ਼ਾਬਾਸ਼ੇ ਇਸ ਕਾਕੇ ਦੇ ਜਿਨ ਮੇਰਾ ਕਦਰ ਵਧਾਇਆ

ਸ਼ਾਬਾਸ਼ੇ ਕਾਕੇ ਦੇ ਬਾਪੂ ਦੇ ਜਿਹੜਾ ਆਟਾ ਲੈ ਘਰ ਆਇਆ
ਹੁਣ ਮੈਂ ਕਾਕੇ ਨੂੰ ਲੈ ਕੇ ਬਹਿ ਰਹਿਨੀ ਆਂ
ਸੁੱਖੀਂ ਲੱਧੇ ਨੂੰ ਲੈ ਕੇ ਬਹਿ ਰਹਿਨੀ ਆਂ।

ਸੱਸ ਜੋ ਸੋ ਮੇਰੀ ਬੜੀ ਕੁਪੱਤੀ ਭਾਂਡੇ ਦਿੰਦੀ ਵੰਡ।
ਜਾਂ ਮੈਂ ਭਾਂਡੇ ਮਾਂਜਣ ਲੱਗੀ ਕਾਕੇ ਪਾ ਦਿੱਤੀ ਡੰਡ।
ਹੁਣ ਮੈਂ ਭਾਂਡੇ ਮਾਂਜਾਂ ਕਿ ਕਾਕਾ ਰੱਖਾਂ ?

ਸ਼ਾਬਾਸ਼ੇ ਇਸ ਕਾਕੇ ਦੇ ਜਿਨ ਮੇਰਾ ਕਦਰ ਵਧਾਇਆ
ਸ਼ਾਬਾਸ਼ੇ ਕਾਕੇ ਦੇ ਬਾਪੂ ਦੇ ਜਿਹੜਾ ਨੌਕਰ ਲੈ ਘਰ ਆਇਆ।

ਹੁਣ ਮੈਂ ਕਾਕੇ ਨੂੰ ਲੈ ਕੇ ਬਹਿ ਰਹਿਨੀ ਆਂ।
ਸੁੱਖੀਂ ਲੱਧੇ ਨੂੰ ਲੈ ਕੇ ਬਹਿ ਰਹਿਨੀ ਆਂ।

ਜ਼ਾਲਮਾ ਸੂਈ

ਸੂਈ ਥੋਂ ਨਾ ਮਾਰ ਬੇਦਰਦਾ ਸੂਈ ਓਇ।
ਸੂਈ, ਸੂਈ ਧਰੀ ਸਰਾਹਣੇ।
ਨਾ ਘਰ ਆਟਾ, ਨਾ ਘਰ ਦਾਣੇ।
ਬਾਲ ਰੋਂਦੇ ਭੁੱਖੇ ਭਾਣੇ।
ਜ਼ਾਲਮਾ ਸੂਈ ਓਇ। ਸੂਈ ਥੋਂ ਨਾ ਮਾਰ

ਸੂਈ, ਸੂਈ ਥੋਂ ਨਾ ਮਾਰ ਮੇਰੀ ਮਾਂ ਕਸੀਦੇਦਾਰ।
ਉੱਥੇ ਜਾਵਾਂ ਵੇ,
ਉੱਥੋਂ ਲਿਆਵਾਂ ਸੂਈਆਂ ਚਾਰ।
ਮਾਰਾਂ ਤੇਰੇ ਮੱਥੇ ਨਾਲ
ਜ਼ਾਲਮਾ ਸੂਈ ਓਇ, ਸੂਈ ਥੋਂ ਨਾ ਮਾਰ

ਸੂਈ ਸੂਈ ਧਰੀ ਮੈਂ ਛਿੱਕੇ।
ਅੰਦਰ ਸੱਸ ਨਣਾਨ ਪਿੱਟੇ, ਬਾਹਰ ਸਹੁਰਾ ਓਇ
ਸਹੁਰਾ ਦੋਹੀਂ ਦੋਹੀਂ ਹੱਥੀਂ ਪਿੱਟੇ
ਜ਼ਾਲਮਾ ਸੂਈ ਓਇ

ਸੂਈ ਸੂਈ ਧਰੀ ਪਟਾਰੀ
ਇੱਥੇ ਰੰਨਾਂ ਦੀ ਮੁਖ਼ਤਾਰੀ
ਨਾ ਕੋਈ ਪੈਂਚ ਤੇ ਨਾ ਪਟਵਾਰੀ
ਜ਼ਾਲਮਾ ਸੂਈ ਓਇ ਸੂਈ

ਸੂਈ ਸੂਈ ਨਾਲ ਸੀਵਾਂ ਮੈਂ ਭੂਰਾ ।
ਛੋਟੇ ਦੇਵਰ ਮਾਰਿਆ ਹੂਰਾ।
ਇਹ ਕੀ ਕੀਤਾ ਏ ਕਾਣਿਆ ਸੂਰਾ।
ਜ਼ਾਲਮਾ ਸੂਈ ਓਇ ਸੂਈ।

ਪੱਖੀ ਦੀ ਲੋੜ

ਉੱਡੀਂ ਵੇ ਕਾਲ਼ਿਆ ਕਾਵਾਂ ਵੇ ਜਾਵੀਂ ਸ਼ਹਿਰ ਲਾਹੌਰ
ਜਾ ਆਖੀਂ ਮੇਰੇ ਮਾਹੀ ਨੂੰ ਘਰ ਪੱਖੀ ਦੀ ਲੋੜ
ਢੋਲ ਮੇਰਾ ਬੀਬਾ ਘਰ ਪੱਖੀ ਦੀ ਲੋੜ।

ਪੱਖੀ ਬਣੀ ਕਸ਼ਮੀਰੀ ਡੰਡੀ ਬਣੀ ਲਾਹੌਰ ਢੋਲ ਮੇਰਾ...
ਲੈ ਪੱਖੀ ਬੈਠੀ ਵਿਹੜੇ ਸੱਸ ਮਾਰੇ ਨੀ ਬੋਲ, ਢੋਲ ਮੇਰਾ।

ਸੱਸ ਨਣਾਨਾਂ ਬੁਰੀਆਂ, ਡੰਡੀ ਦਿੱਤੀ ਮਰੋੜ ਢੋਲ ਮੇਰਾ।
ਆਉਂਦਾ ਮਾਹੀ ਸਿਖਾਵਾਂ, ਵੇ ਮਾਂ ਨਾਲ ਨਾ ਬੋਲ, ਢੋਲ ਮੇਰਾ...

ਚੁੱਪ ਕਰ ਰੰਨੇ ਕਮਜ਼ਾਤੇ, ਮਾਵਾਂ ਪੁੱਤਰਾਂ ਦੇ ਜੋੜ, ਢੋਲ ਮੇਰਾ।
ਚੁੱਪ ਕਰ ਰੰਨੇ ਕਮਜ਼ਾਤੇ, ਪੇਕੇ ਛੱਡਾਂਗਾ ਟੋਰ, ਢੋਲ ਮੇਰਾ।
ਕੁੱਛੜ ਬਾਲ ਚੜ੍ਹੇ ਵੇ ਮੈਨੂੰ ਤੇਰੀ ਕੀ ਲੋੜ, ਢੋਲ ਮੇਰਾ

ਨੌਂ ਮਹੀਨੇ ਰਹਾਂ ਪੇਕੇ ਵੇ ਚਿੱਠੀਆਂ ਪਾ ਲਿਆ ਜ਼ੋਰ।
ਨੌਂ ਮਹੀਨੇ ਰਹਾਂ ਪੇਕੇ ਵੇ ਕਦੀ ਸਾਡੀ ਵੀ ਲੋੜ, ਢੋਲ ਮੇਰਾ
ਹੈ ਸਾਂ ਬਾਲ ਇੰਞਾਣੀ ਵੇ ਚਿੱਠੀਆਂ ਦੇਨੀ ਸਾਂ ਮੋੜ ਢੋਲ ਮੇਰਾ
ਹੁਣ ਮੈਂ ਹੋਈ ਸਿਆਣੀ ਚਿੱਠੀਆਂ ਰੱਖਾਂਗੀ ਕੋਲ, ਢੋਲ ਮੇਰਾ।

ਢੋਲ ਪਰਛਾਵੇਂ ਬਹਿੰਦੀ ਵੇ ਬਹਿੰਦੀ ਚਿੱਠੀਆਂ ਫੋਲ।
ਰਲੋ ਬਹੋ ਸਹੇਲੀਉ ਨੀ ਦੱਸਾਂ ਸੋਹਣੇ ਦੇ ਬੋਲ ।
ਢੋਲ ਮੇਰਾ, ਘਰ ਪੱਖੀ ਦੀ ਲੋੜ

ਜਵਾਨੀ ਦੀਆਂ ਮੀਢੀਆਂ

ਅਹਿਲ ਜਵਾਨੀ ਦੀਆਂ ਲੰਮੀਆਂ ਨੇ ਮੀਢੀਆਂ,
ਗੁੰਦੀਆਂ ਨੇ ਦਰਦਾਂ ਵਾਲੀ ਮਾਂ ਨੇ ।

ਇੱਕ ਵਾਰੀ ਗੁੰਦੀਆਂ, ਮੇਰੀ ਦਰਦਾਂ ਵਾਲੀ ਮਾਂ ਨੇ ।
ਇੱਕ ਵਾਰ ਗੁੰਦੀਆਂ ਮੇਰੀ ਭੋਲੜੀ ਮਾਂ ਨੇ ।

ਘੜ ਸੁਨਿਆਰਿਆ ਮੇਰੇ ਕੰਨਾਂ ਦੇ ਵਾਲੇ
ਪਹਿਨਾਂਗੀ ਮਾਹੀ ਦੇ ਚਾਈਂ, ਵਾਲੇ।
ਅਹਿਲ ਜਵਾਨੀ ਦੀਆਂ ਲੰਮੀਆਂ ਮੀਢੀਆਂ।

ਘੜ ਸੁਨਿਆਰਿਆ ਮੇਰੇ ਹੱਥਾਂ ਦਾ ਚੂੜਾ,
ਪਹਿਨਾਂਗੀ ਮਾਹੀ ਦੇ ਚਾਈਂ, ਚੂੜਾ।
ਅਹਿਲ ਜਵਾਨੀ ਦੀਆਂ ਲੰਮੀਆਂ ਮੀਢੀਆਂ।

ਘੜ ਸੁਨਿਆਰਿਆ, ਮੇਰੇ ਪੈਰਾਂ ਦੀਆਂ ਕੜੀਆਂ,
ਪਹਿਨਾਂਗੀ ਮਾਹੀ ਦੇ ਚਾਈਂ, ਕੜੀਆਂ,
ਅਹਿਲ ਜਵਾਨੀ ਦੀਆਂ ਲੰਮੀਆਂ ਨੇ ਮੀਢੀਆਂ,
ਗੁੰਦੀਆਂ ਨੇ ਦਰਦਾਂ ਵਾਲੀ ਮਾਂ ਨੇ।

ਘੜ ਸੁਨਿਆਰਿਆ, ਮੇਰੇ ਪੈਰਾਂ ਦੇ ਤੋੜੇ
ਪਹਿਨਾਂਗੀ ਮਾਹੀ ਦੇ ਚਾਈਂ, ਤੋੜੇ
ਅਹਿਲ ਜਵਾਨੀ ਦੀਆਂ ਲੰਮੀਆਂ ਨੇ ਮੀਢੀਆਂ

ਇੱਕ ਵਾਰੀ ਗੁੰਦੀਆਂ ਮੇਰੀ ਭੋਲੜੀ ਮਾਂ ਨੇ,
ਇੱਕ ਵਾਰੀ ਗੁੰਦੀਆਂ, ਦਰਦਾਂ ਵਾਲੀ ਮਾਂ ਨੇ।

ਕੰਨਾਂ ਦੀਆਂ ਵਾਲੀਆਂ

ਆਪ ਮਾਹੀ ਨੇ ਚੁਗ ਲਈਆਂ ਵੇ,
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ।
ਝੜ ਪਈਆਂ ਨੀ ਮੇਰੀਆਂ,
ਦੁਖਣ ਕੰਨਾਂ ਦੀਆਂ ਵਾਲੀਆਂ।

ਮਾਏ ਨੀ ਸੁਣ ਮੇਰੀਏ ਮਾਏ, ਨਾ ਪਾ ਮੈਨੂੰ ਬੁੰਦੇ ਨੀ।
ਵਾਲ ਗੋਰੀ ਦੇ ਬਿਸੀਅਰ ਕਾਲੇ,
ਡਰਦੀ ਮਾਂ ਵੀ ਨਾ ਗੁੰਦੇ ਨੀ।
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ

ਮਾਏ ਨੀ ਸੁਣ ਮੇਰੀਏ ਮਾਏ,
ਨਾ ਕਰ ਮੇਰੀ ਮੇਰੀ ਨੀ।
ਇਹ ਧੀਆਂ ਦਿਨ ਚਾਰ ਦਿਹਾੜੇ,
ਜਿਵੇਂ ਜੋਗੀ ਵਾਲੀ ਫੇਰੀ ਨੀ।
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ

ਮਾਏ ਨੀ ਸੁਣ ਮੇਰੀਏ ਮਾਏ,
ਦਾਜ ਕਿਦ੍ਹੇ ਕੋਲੋਂ ਮੰਗਾਂ ਨੀ।
ਮਛਲੀ ਦੀ ਥਾਂ ਲੌਂਗ ਹੰਢਾਵਾਂ,
ਚੂੜੇ ਦੀ ਥਾਂ ਵੰਙਾਂ ਨੀ।
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ

ਮਾਏ ਨੀ ਸੁਣ ਮੇਰੀਏ ਮਾਏ,
ਪਏ ਵਿਛੋੜੇ ਭਾਰੇ ਨੀ।
ਵਾਲ ਗੋਰੀ ਦੇ ਬਿਸੀਅਰ ਕਾਲੇ,
ਜ਼ੁਲਫ਼ਾਂ ਲੈਣ ਹੁਲਾਰੇ ਨੀ।
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ।

ਮਾਏ ਨੀ ਸੁਣ ਮੇਰੀਏ ਮਾਏ,
ਪਾਣੀ ਭਰਨ ਨੂੰ ਗਈਆਂ ਨੀ।
ਰਾਂਝਣ ਸਾਨੂੰ ਬੋਲੀਆਂ ਮਾਰੇ,
ਨਾਲ ਸਈਆਂ ਲੜ ਪਈਆਂ ਨੀ।
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ।

ਮਾਏ ਨੀ ਸੁਣ ਮੇਰੀਏ ਮਾਏ, ਨਾ ਤੂੰ ਮੈਨੂੰ ਜਾਇਆ ਨੀ।
ਨਾ ਮਾਂ ਤੂੰ ਮੈਨੂੰ ਅਕਲ ਦਿੱਤੀ,
ਨਾ ਗੋਡੇ ਮੁੱਢ ਬਹਾਇਆ ਨੀ।
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ।

ਨੱਕ ਦਾ ਲੌਂਗ

ਮੇਰੇ ਨੱਕ ਵਾਲਾ ਲੌਂਗ ਚਿੱਟੀ ਚਾਨਣੀ।
ਤੇ ਮਾਹੀ ਚਿੱਤ ਚਾਇਆ ਏ।
ਚਿੱਤ ਚਾਇਆ ਨੀ ਮੇਰੀਏ ਜਿੰਦੇ ।
ਮਿਲਣ ਨਹੀਂ ਆਇਆ ਏ।

ਚਿੱਤ ਚਾਇਆ ਨੀ ਮੇਰੀਏ ਜਿੰਦੇ,
ਤੇ ਚੜ੍ਹ ਗਿਆ ਰੇਲੇ ਨੀ।
ਕੋਈ ਐਸਾ ਵੀ ਦਰਦੀ ਹੋਵੇ,
ਵਿੱਛੜਿਆਂ ਨੂੰ ਮੇਲੇ ਨੀ।

ਮੇਰੇ ਸਿਰੇ ਦਾ ਚੌਂਕ ਚਿੱਟੀ ਚਾਨਣੀ,
ਤੇ ਮਾਹੀ ਚਿੱਤ ਚਾਇਆ ਏ।
ਚਿੱਤ ਚਾਇਆ, ਨੀ ਮੇਰੀਏ ਜਿੰਦੇ,
ਮਿਲਣ ਨਹੀਂ ਆਇਆ ਏ...

ਨਿੱਕਾ ਕੱਤਦੀ ਸਾਂ

ਨਿੱਕਾ ਕੱਤਦੀ ਸਾਂ ਖੇਸਾਂ ਤੇਰਿਆਂ ਨੂੰ।
ਕਿੱਥੋਂ ਜੰਮ ਪਿਓਂ ਵੇ, ਲੇਖਾਂ ਮੇਰਿਆਂ ਨੂੰ ।
ਨਿੱਕਾ ਕੱਤਦੀ ਸਾਂ, ਮੈਦਾ ਛਾਣਦੀ ਸਾਂ,
ਇਨ੍ਹਾਂ ਕਰਮਾਂ ਦੀ ਸਾਰ ਕੀ ਜਾਣਦੀ ਸਾਂ।

ਘੋਟ ਘੋਟ ਭੰਗਾਂ ਸੋਹਣੇ ਭਰਿਆ ਛੰਨਾ
ਸਾਡੇ ਸਾਲੂ ਦੇ ਨਾਲ ਪੁਣਾਂਵੰਦਾ ਈ।
ਵਰਜ ਵਰਜ ਸੱਸੇ, ਪੁੱਤਰ ਆਪਣੇ ਨੂੰ,
ਸਾਡੇ ਸਾਲੂ ਦੀ ਆਬ ਗਵਾਂਵਦਾ ਈ।
ਨੀ ਤੂੰ ਆਪ ਨੂੰਹੇਂ ਦਗ਼ੇਬਾਜ਼ ਨੂੰਹੇਂ,
ਮੇਰਾ ਪੁੱਤਰ ਅੰਞਾਣਾ ਕੁਝ ਨਹੀਂ ਜਾਣਦਾ ਈ।

ਹੱਥ ਕੋਰਾ ਕੁਜਾ, ਵਿੱਚ ਠੰਢਾ ਪਾਣੀ,
ਸਾਨੂੰ ਛਿੱਟੜੇ ਮਾਰ ਜਗਾਂਵਦਾ ਈ।
ਵਰਜ ਵਰਜ ਸੱਸੇ, ਪੁੱਤਰ ਆਪਣੇ ਨੂੰ,
ਸਾਡੇ ਨੈਣਾਂ ਦੀ ਨੀਂਦ ਗਵਾਂਵਦਾ ਈ।
ਰਹੋ ਰਹੋ ਨੂੰਹੇਂ ਦਗ਼ੇਬਾਜ਼ ਨੂੰਹੇਂ।
ਮੇਰਾ ਪੁੱਤਰ ਅੰਞਾਣਾ ਕੁਝ ਨਹੀਂ ਜਾਣਦਾ ਈ।

ਕਿੱਕਰੀ ਹੇਠ ਖਲੋਤੜੀਏ

ਕਿੱਕਰੀ ਹੇਠ ਖਲੋਤੜੀਏ, ਕਿਉਂ ਹੋਈ ਏਂ ਦਿਲਗੀਰ ਕੁੜੀਏ
ਕੀਕਰ ਬੋਲਾਂ ਵੇ ਮਾਹੀ ਕੰਨਾਂ ਥੋਂ ਮੈਂ ਬੁੱਚੀ ਆਂ
ਬਾਲੇ ਘੜਾਵਾਂ ਤੇਰੇ ਕੰਨੀਂ ਪਾਵਾਂ
ਸੇਜ ਵਿਛਾਵਾਂ ਘੁੱਟ ਗਲ਼ ਲਾਵਾਂ
ਹੁਣ ਕਿਉਂ ਜਾਨੀ ਏ ਨੱਠ ਕੁੜੀਏ
ਕੋਠਾ ਕਿਉਂ ਜਾਨੀ ਏ ਟੱਪ ਕੁੜੀਏ
ਨਜ਼ਰ ਮਾਹੀ ਵੱਲ ਰੱਖ ਕੁੜੀਏ
ਨੈਣ ਤੇਰੇ ਨੇ ਤੀਰ ਕੁੜੀਏ
ਕਿਉਂ ਹੋਈ ਏਂ ਦਿਲਗੀਰ ਕੁੜੀਏ
ਕਿੱਕਰੀ ਹੇਠ ਖਲੋਤੜੀਏ।

ਮਾਂ ਦਾ ਪਿਆਰ

ਵੰਝਾਂ ਚੜ੍ਹਾਨੀਆਂ ਓਹਾ ਲਗੀ ਵੈਂਨੀਆਂ ਮਾਹੀ ਦੇ ਦਰਬਾਰ ਏ
ਓਥੇ ਜਾ ਕੇ ਅਰਜ਼ ਕਰੇਨੀਆਂ ਦੋ ਚੰਡੋਲੇ ਲੋੜ ਏ
ਓਥੋਂ ਮਿਲੇ ਦੋ ਚੰਡੋਲੇ ਗੋਦੀ ਦਾ ਸ਼ਿੰਗਾਰ ਏ
ਨਾਂ ਉਨ੍ਹਾਂ ਦੇ ਰਖਨੀਆਂ ਮਾਹੀਆ ਚੁੰਨੀ ਤੇ ਰਾਮ ਲਾਲ ਵੇ
ਪੜ੍ਹਨੇ ਉਨਾਂ ਨੂੰ ਪਾਵਾਂ ਵੇ ਮਹੀਆਂ ਨਵਾਂ ਸਕੂਲ ਤਿਆਰ ਵੇ
ਫ਼ੀਸ ਉਨ੍ਹਾਂ ਦੀ ਦੇਵਾਂ ਵੇ ਮਾਹੀਆ ਮੋਤੀਆਂ ਦਾ ਥਾਲ ਵੇ
ਪੜ੍ਹ ਸਕੂਲੋਂ ਘਰਾਂ ਨੂੰ ਆਵਣ ਕਲੇਜਾ ਠੰਡਾ ਠਾਰ ਏ
ਸਿਰ ਤੇ ਬਸਤੇ ਹੱਥ ਵਿੱਚ ਫਟੜੀ ਬੋਝੇ ਵਿੱਚ ਰੁਮਾਲ ਵੇ
ਜਿਸ ਨਗਰੀ ਮੇਰੇ ਵੱਸਣ ਚੰਡੋਲੇ ਓਹੋ ਨਗਰੀ ਨਿਹਾਲ ਵੇ।

ਕਸੂਰੀ ਜੁੱਤੀ

ਜੁੱਤੀ ਕਸੂਰੀ ਪੈਰੀਂ ਨਾ ਪੂਰੀ,
ਹਾਇ ਰੱਬਾ ਵੇ ਸਾਨੂੰ ਤੁਰਨਾ ਪਿਆ।
ਜਿਨ੍ਹਾਂ ਵਾਟਾਂ ਦੀ ਮੈਂ ਸਾਰ ਨਾ ਜਾਣਾ,
ਓਨੀਂ ਵਾਟੀਂ ਵੇ ਸਾਨੂੰ ਤੁਰਨਾ ਪਿਆ।

ਬਾਗ਼ ਲਵਾਨੀਆਂ ਬਗ਼ੀਚੇ ਲਵਾਨੀਆਂ,
ਵਿੱਚ ਲਵਾਨੀਆਂ ਮੈਂ ਤੋਰੀਆਂ ਵੇ।
ਨਿੱਕਾ ਜਿਹਾ ਮੁੰਡਾ ਸਾਨੂੰ ਅੱਖੀਆਂ ਮਾਰੇ ।
ਨੇਹੁੰ ਨਾ ਲਗਦਾ ਏ ਜੋਰੀਆਂ ਵੇ
ਜੁੱਤੀ ਕਸੂਰੀ...

ਬਾਗ਼ ਲੁਆਨੀਆਂ ਬਗ਼ੀਚੇ ਲਵਾਨੀਆਂ,
ਵਿੱਚ ਲਵਾਨੀਆਂ ਬੇਰੀਆਂ ਵੇ
ਕੰਤਾਂ ਵਾਲੀਆਂ ਸੀਸ ਗੁੰਦਾਵਣ,
ਖੁੱਲ੍ਹੀਆਂ ਜ਼ੁਲਫ਼ਾਂ ਮੇਰੀਆਂ,
ਜੁੱਤੀ ਕਸੂਰੀ...

ਰਾਵਲ ਪਿੰਡੀ ਦੇ ਬੁੰਗੇ

ਰਾਵਲ ਪਿੰਡੀ ਦੇ ਉੱਚੇ-ਉੱਚੇ ਬੁੰਗੇ,
ਸੈਰ ਤੇ ਕਰਨੀ ਆਂ, ਸਦਰ ਬਾਜ਼ਾਰ ਦਾ।
ਲੈ ਵੇ ਤੇਰਾ ਮਿਹਣਾ ਸਾਨੂੰ, ਸਾਰਾ ਜੱਗ ਮਾਰਦਾ।
ਸਦਕੇ ਵੇ ਤੇਰਾ ਤਾਅਨਾ, ਸਾਨੂੰ ਸਾਰਾ ਜੱਗ ਮਾਰਦਾ।

ਮਾਹੀ ਦੇ ਬਾਗ਼ ਵਿੱਚ ਖੱਟੜੇ-ਮਿੱਠੜੇ
ਮੈਂ ਵੀ ਆਂ ਬੂਟਾ ਇੱਕ ਅਨਾਰ ਦਾ।
ਲੈ ਵੇ ਤੇਰਾ ਤਾਅਨਾ ਸਾਨੂੰ ਸਾਰਾ ਜੱਗ ਮਾਰਦਾ।

ਮਾਹੀ ਮੇਰੇ ਨੇ ਪਾਣੀ ਜੋ ਮੰਗਿਆ।
ਦੁੱਧ ਮੈਂ ਦੇਨੀ ਆਂ ਪਿਆਰ ਦਾ।
ਲੈ ਵੇ ਤੇਰਾ ਤਾਅਨਾ ਸਾਨੂੰ ਸਾਰਾ ਜੱਗ ਮਾਰਦਾ।

ਬਾਗ਼ ਮਾਹੀ ਦੇ ਖੱਟੀਆਂ ਰਵੇਲਾਂ,
ਮੈਂ ਵੀ ਆਂ ਬੂਟਾ ਇੱਕ ਗੁਲਾਬ ਦਾ
ਲੈ ਵੇ ਤੇਰਾ ਤਾਅਨਾ ਸਾਨੂੰ ਸਾਰਾ ਜੱਗ ਮਾਰਦਾ।

ਹੱਥ ਕੰਘੀ

ਹੱਥ ਕੰਘੀ ਤੇ ਸਬਜ਼ ਪਰਾਂਦੀ,
ਗਲੀ ਗਲੀ ਨੈਣਾਂ ਦੀ ਫਿਰਾਂ, ਵਾਹ ਵਾਹ।
ਸਿਰ ਗੁੰਦ ਤੂੰ ਕਪੱਤੀਏ ਨੈਣੇ,
ਉੱਤੇ ਪਾ ਦੇ ਡਾਕ ਬੰਗਲਾ, ਵਾਹ ਵਾਹ।

ਕਾਹਨੂੰ ਆਈ ਏਂ ਨੈਣ ਦੇ ਨਾਲ ਲੜ ਕੇ,
ਸਿਰ ਤੇਰਾ ਆਪ ਮੈਂ ਗੁੰਦਾਂ ਵਾਹ ਵਾਹ।
ਖ਼ਾਲੀ ਗਿਉਂ ਵੇ ਨਣਦ ਦਿਆ ਵੀਰਾ,
ਮੋਟਰ ਵਿੱਚ ਇੱਟ ਧਰ ਲੈ ਵਾਹ ਵਾਹ ।

ਕਾਹਨੂੰ ਆਇਓਂ ਬਸੰਤੀ ਚੀਰਾ ਬੰਨ੍ਹ ਕੇ
ਮਾਪਿਆਂ ਨੇ ਨਹੀਓਂ ਟੋਰਨੀ ਵਾਹ ਵਾਹ।
ਤੈਨੂੰ ਸਖੀਆਂ ਮਿਲਣ ਵੀ ਨਾ ਆਈਆਂ,
ਤੇ ਕਿੱਕਰਾਂ ਨੂੰ ਪਾ ਲੈ ਜੱਫੀਆਂ ਵਾਹ-ਵਾਹ।

ਚੀਰੇ ਵਾਲੇ ਦੀ ਯਾਦ

ਆਖ ਰਹੀ ਮੈਂ ਤੇਲੀ ਨੂੰ,
ਰੂੰ ਪਿੰਜ ਦੇ ਅਰਬੇਲੀ ਨੂੰ।
ਆਖ ਰਹੀ ਸੁਨਿਆਰ ਨੂੰ,
ਪਾ ਝੁਮਕੀ ਮੇਰੇ ਵਾਲੇ ਨੂੰ।
ਆਖ ਰਹੀ ਬਰਵਾਲੇ ਨੂੰ,
ਭਰ ਮੁੱਠੀਆਂ ਚੀਰੇ ਵਾਲੇ ਨੂੰ।
ਆਖ ਰਹੀ ਲਲਾਰੀ ਨੂੰ,
ਦੇ ਡੋਬਾ ਫੁਲਕਾਰੀ ਨੂੰ।

ਬਹਾਰ ਆਈ

ਬਹਾਰ ਆਈ ਨਾ ਮਿਲਿਆ ਲਾਲ,
ਜੁਦਾਈ ਮੇਰੀ ਜਾਨ ਸਹਿੰਦੀ ਏ।
ਵਿਛੋੜਾ ਮੇਰੀ ਜਾਨ ਸਹਿੰਦੀ ਏ,
ਸਜਨ ਤੇਰੀ ਤਾਂਘ ਰਹਿੰਦੀ ਏ।

ਹੋਵਾਂ ਲਾਲੀ ਬਹਿਵਾਂ ਡਾਲੀ,
ਕਿੱਧਰ ਗਿਆ ਬਾਗ਼ ਦਾ ਮਾਲੀ ।
ਬਹਾਰ ਆਈ ਨਾ ਮਿਲਿਆ ਲਾਲ...

ਹੋਵਾਂ ਦਰਜ਼ੀ ਸੀਵਾਂ ਵਰਦੀ,
ਦੱਸੋ ਮੇਰੇ ਲਾਲ ਦੀ ਮਰਜ਼ੀ।
ਬਹਾਰ ਆਈ ਨਾ ਮਿਲਿਆ ਲਾਲ...

ਹੋਵਾਂ ਤੋਤਾ ਪਵਾਂ ਪਿੰਜਰੇ,
ਨਾ ਮਿਲਿਆ ਸੋਹਣਾ ਲਾਲ ਛੋਟੀ ਉਮਰੇ
ਬਹਾਰ ਆਈ ਨਾ ਮਿਲਿਆ ਲਾਲ...

ਹੋਵਾਂ ਮੈਨਾ, ਟੁੱਕਾਂ ਰੱਤੀਆਂ,
ਨਾ ਤੁਸਾਂ ਪੁੱਛੀਆਂ, ਨਾ ਅਸਾਂ ਦੱਸੀਆਂ।
ਬਹਾਰ ਆਈ ਨਾ ਮਿਲਿਆ ਲਾਲ...

ਹੋਵਾਂ ਤੋਤਾ ਮੈਂ ਉੱਡ ਜਾਵਾਂ,
ਜੰਗਲ ਦੀ ਸੈਰ ਕਰ ਆਵਾਂ।
ਬਹਾਰ ਆਈ ਨਾ ਮਿਲਿਆ ਲਾਲ...

ਹੋਵਾਂ ਮਾਲਣ, ਪਰੋਵਾਂ ਕਲੀਆਂ,
ਦੱਸੋ ਮੇਰੇ ਲਾਲ ਦੀਆਂ ਗਲੀਆਂ।
ਬਹਾਰ ਆਈ, ਨਾ ਮਿਲਿਆ ਲਾਲ...

ਬਹਾਰ ਆਈ ਪੱਕੇ ਕੇਲੇ,
ਵਿੱਛੜਿਆਂ ਨੂੰ ਵੀ ਰੱਬ ਮੇਲੇ।
ਬਹਾਰ ਆਈ ਨਾ ਮਿਲਿਆ ਲਾਲ...

ਅਸਾਂ ਮਾਹੀ ਦੀ ਲੋੜ ਕੋਈ ਨਾ

ਭੰਨੀ ਭੰਨੀ ਮੈਂ ਲਲਾਰੀ ਹੱਟੀ ਜਾਨੀਆਂ।
ਮਾਹੀ ਦਾ ਸਾਫ਼ਾ ਰੰਗਿਓ ਨਾ
ਰੰਗਿਓ ਨਾ ਰੰਗਵਾਇਓ ਨਾ
ਅਸਾਂ ਮਾਹੀ ਦੀ ਲੋੜ ਕੋਈ ਨਾ।

ਅਸਾਂ ਜੋ ਪੇਕੇ ਜਾਣਾ ਏਂ।
ਜਾਣਾ ਏਂ ਮੁੜ ਆਵਣਾ ਨਈਂ।
ਸੱਸ ਝਿੜਕੇ ਸਾਨੂੰ ਸਹੁਰਾ ਮਾਰੇ।
ਦੇਵਰ ਹਰਾਮੀ ਅੱਖੀਆਂ ਮਾਰੇ।
ਚੀਰੇ ਵਾਲੇ ਨੂੰ ਗੱਲ ਵੀ ਨਾ ਆਵੇ।
ਗੱਲ ਕਰੇਂਦਾ ਅਈ ਅਈ ਅਈ।
ਇਸੇ ਗੱਲੇ ਵੇ ਮੈਂ ਸੜ ਬਲ ਗਈ।

ਬਲੋਚਾ ਜ਼ਾਲਮਾ

ਸੱਸੀ ਤੇਰੇ ਬਾਗ਼ ਵਿੱਚ, ਉੱਤਰੇ ਲੁਟੇਰੇ,
ਬਲੋਚਾ ਜ਼ਾਲਮਾ ਸੁਣ ਵੈਣ ਮੇਰੇ।

ਤੱਤੀ ਸੀ ਰੇਤ ਸੜ ਗਏ ਪੈਰ ਮੇਰੇ,
ਕਿੱਧਰ ਗਏ ਕੌਲ ਤੇ ਇਕਰਾਰ ਤੇਰੇ

ਬਲੋਚਾ ਜ਼ਾਲਮਾ ਸੁਣ ਵੈਣ ਮੇਰੇ,
ਕਚਾਵਾ ਯਾਰ ਦਾ ਦੋ ਨੈਣ ਮੇਰੇ।

ਬਲੋਚਾ ਜ਼ਾਲਮਾ ਸਮਝਾ ਨਜ਼ਰ ਨੂੰ,
ਕਿ ਨਜ਼ਰਾਂ ਤੇਰੀਆਂ ਪਾੜਣ ਪੱਥਰ ਨੂੰ।

ਸੱਸੀ ਤੇਰੇ ਬਾਗ਼ ਵਿੱਚ ਰੋਟੀ ਪਕਾਈਏ,
ਕਿ ਅੰਬੀਆਂ ਤੋੜ ਕੇ ਚਟਣੀ ਬਣਾਈਏ।

ਸੱਸੀ ਤੇਰੇ ਬਾਗ਼ ਵਿੱਚ ਮਿਰਚਾਂ ਦਾ ਬੂਟਾ,
ਕਿ ਉਹ ਲਗਾ ਜਾਂਦੜਾ ਕੌਲਾਂ ਦਾ ਝੂਠਾ।

ਸੱਸੀ ਤੇਰੇ ਬਾਗ਼ ਵਿੱਚ ਘੁੱਗੀਆਂ ਦਾ ਜੋੜਾ,
ਕਿ ਚੰਦਰੀ ਨੀਂਦ ਨੇ ਪਾਇਆ ਵਿਛੋੜਾ।

ਸੱਸੀ ਤੇਰੇ ਬਾਗ਼ ਵਿੱਚ ਉੱਤਰੇ ਬਿਉਪਾਰੀ,
ਆਪੇ ਤੁਰ ਜਾਣਗੇ ਕਰ ਕੇ ਤਿਆਰੀ।

ਬਲੋਚਾ ਜ਼ਾਲਮਾ ਨਾ ਮਾਰ ਤਾਅਨੇ,
ਅੱਲਾ ਦੇ ਵਾਸਤੇ ਮਿਲ ਜਾ ਮਦਾਨੇ।

ਬਲੋਚਾ ਜ਼ਾਲਮਾ ਨਾ ਮਾਰ ਸੀਟੀ
ਅੱਲਾ ਦੇ ਵਾਸਤੇ ਮਿਲ ਜਾ ਮਸੀਤੀ।

ਕਿਸੇ ਦਾ ਢੋਲ ਨਾ ਪਰਦੇਸੀਂ ਜਾਵੇ,
ਵਿਛੋੜਾ ਵੈਰੀਆਂ ਦੇ ਪੇਸ਼ ਆਵੇ

ਉੱਠੀ ਫ਼ਜਰੀ ਪੁੰਨੂੰ ਨਜ਼ਰੀਂ ਨਾ ਆਇਆ,
ਕਿ ਇੱਡਾ ਕਹਿਰ ਕਿਉਂ ਏ ਖ਼ੁਦਾਇਆ।

ਨੌਕਰ ਮਾਹੀ

ਦੂਰੋਂ ਲਹੌਰੋਂ ਚਿੱਠੀਆਂ ਆਈਆਂ।
ਕਿਨ ਕਿਨ ਨੌਕਰ ਜਾਣਾ ਏਂ।

ਸਹੁਰਾ ਵੀ ਘੱਲਾਂ, ਪਤਿਓਹਰਾ ਵੀ ਘੱਲਾਂ।
ਘੱਲਾਂ ਨਾ ਢੋਲ ਅੰਞਾਣਾ ਸਈਓ

ਸੱਸ ਵੀ ਲੜਦੀ ਪਤ੍ਰੀਸ ਵੀ ਲੜਦੀ,
ਕਿਉਂ ਘਲਨੀ ਏਂ, ਢੋਲ ਪਰਾਏ ਨੀ।

ਸਹੁਰਾ ਵੀ ਆਇਆ ਪਤਿਓਹਰਾ ਵੀ ਆਇਆ।
ਸੱਸ ਵੀ ਹੱਸਦੀ ਪਤ੍ਰੀਸ ਵੀ ਹੱਸਦੀ
ਮੈਂ ਫਿਰਨੀ ਆਂ, ਨਿੰਮੋਝੂਣੀ ਸਈਉ।

ਦੇਰ ਵੀ ਘੱਲਾਂ ਜੇਠ ਵੀ ਘੱਲਾਂ,
ਜਾਵਣ ਨਾ ਦੇਵਾਂ ਢੋਲਾ ਸਈਉ।

ਦਰਾਣੀ ਵੀ ਲੜਦੀ, ਜਠਾਣੀ ਵੀ ਲੜਦੀ।
ਕਿਉਂ ਘਲਨੀ ਏਂ, ਢੋਲ ਪਰਾਏ ਨੀ।

ਜੇਠ ਵੀ ਆਇਆ, ਦੇਰ ਵੀ ਆਇਆ।
ਜਿਠਾਣੀ ਵੀ ਹੱਸਦੀ, ਦਰਾਣੀ ਵੀ ਹੱਸਦੀ,
ਮੈਂ ਫਿਰਨੀ ਆਂ ਨਿੰਮੋਝੂਣੀ ਸਈਉ।

ਕੁੜਤੀ ਗੀਲ ਦੀਏ

ਕੁੜਤੀ ਗੀਲ ਦੀਏ,
ਤੈਨੂੰ ਕਿਹੜੇ ਸ਼ੌਂਕ ਨਾਲ ਪਾਵਾਂ

ਮੈਂ ਕਾਲ਼ੇ ਦੇ ਨਾਲ ਮੰਗੀ
ਮੈਂ ਨੌਂ ਮਣ ਭੁੱਬਲ ਵੰਡੀ
ਕੁੜਤੀ ਗੀਲ ਦੀਏ

ਮੈਂ ਗੋਰੇ ਦੇ ਨਾਲ ਮੰਗੀ,
ਮੈਂ ਨੌਂ ਮਣ ਸ਼ੱਕਰ ਵੰਡੀ।
ਕੁੜਤੀ ਗੀਲ ਦੀਏ

ਕਾਲ਼ਾ ਅੰਦਰ ਵੜਿਆ,
ਮਾਲ ਡੰਗਰ ਡਰਿਆ ।
ਕੁੜਤੀ ਗੀਲ ਦੀਏ

ਗੋਰਾ ਅੰਦਰ ਵੜਿਆ,
ਲਟ-ਲਟ ਦੀਵਾ ਬਲਿਆ।
ਕੁੜਤੀ ਗੀਲ ਦੀਏ

ਕਾਲ਼ੇ ਸੇਜ ਵਿਛਾਈ,
ਚਕਚੂੰਦਰ ਮੂਤਣ ਆਈ ।
ਕੁੜਤੀ ਗੀਲ ਦੀਏ

ਗੋਰੇ ਸੇਜ ਵਿਛਾਈ,
ਗੋਰੀ ਲੇਟਣ ਆਈ।
ਕੁੜਤੀ ਗੀਲ ਦੀਏ

ਤੈਨੂੰ ਕਿਹੜੇ ਸ਼ੌਂਕ ਨਾਲ ਪਾਵਾਂ
ਕਿਹੜੇ ਸ਼ੌਂਕ ਨਾਲ ਪਾਵਾਂ
ਕੁੜਤੀ ਗੀਲ ਦੀਏ।

ਕਲੇਜੇ ਦੀ ਦਰਦ

ਉੱਠੀ ਪਈ ਜੇ ਨੀ, ਮੇਰੇ ਦਰਦ ਕਲੇਜੇ।
ਪਾ ਦਿਉ ਨੀ, ਚਿੱਠੀ ਮੇਰੇ ਮਾਹੀਏ ਨੂੰ।

ਜਾ ਪਹੁੰਚੀ ਚਿੱਠੀ ਵਿੱਚ ਨੀ ਕਚਹਿਰੀ।
ਪੜ੍ਹ ਲਈ ਨੀ ਮਾਹੀਏ, ਪੱਟਾਂ ਉੱਤੇ ਧਰ ਕੇ।
ਛੁੱਟ ਗਈਆਂ ਨੀ ਹੱਥੋਂ ਕਲਮ ਦਵਾਤਾਂ।
ਝੁੱਲ ਪਈ ਨੀ ਹਨੇਰੀ ਚਾਰ ਚੁਫੇਰੇ।

ਟੁਰ ਪਿਆ ਨੀ, ਮਾਹੀਆ ਸਿਖਰ ਦੁਪਹਿਰੇ।
ਆ ਗਿਆ ਨੀ ਮਾਹੀਆ, ਵਿੱਚ ਨੀ ਤਬੇਲੇ।
ਆ ਮਾਹੀਏ ਨੀ ਸਾਡੀ ਨਬਜ਼ ਜੋ ਪਕੜ ਲਈ।
ਦੱਸ ਗੋਰੀਏ ਨੀ ਸਾਨੂੰ ਹਾਲ ਦਿਲੇ ਦਾ

ਗੁਜਰੀ ਦੀ ਪੀਂਘ

ਉੱਚੀਆਂ ਲੰਮੀਆਂ ਟਾਹਲੀਆਂ,
ਵਿੱਚ ਗੁਜਰੀ ਦੀ ਪੀਂਘ ਮਾਹੀਆ, ਹਾਣੀਆ ਵੇ।

ਪੀਂਘ ਝੂਟੇਂਦੇ ਦੋ ਜਣੇ,
ਆਸ਼ਕ ਤੇ ਮਾਸ਼ੂਕ ਮਾਹੀਆ, ਹਾਣੀਆ ਵੇ।

ਪੀਂਘ ਸੀ ਪਤਲੀ, ਮਾਸ਼ੂਕ ਸੀ ਭਾਰਾ,
ਮਾਝੇ ਦੀ ਜੱਟੀ ਮਲੂਕ ਵੇ ਮਾਹੀਆ, ਹਾਣੀਆ ਵੇ।

ਪੀਂਘ ਝੂਟੇਂਦੇ ਡਿੱਗ ਪਏ
ਹੋ ਗਏ ਚਕਨਾਚੂਰ ਮਾਹੀਆ, ਹਾਣੀਆ ਵੇ।

ਸਿਰ ਦਾ ਪਟਕਾ ਵੇਚ ਕੇ ਵੇ,
ਲਿਆ ਦੇਈਂ ਪਿਪਲਾ ਮੁਲ ਮਾਹੀਆ, ਹਾਣੀਆ ਵੇ।

ਸੱਸੀ ਤੇ ਪੁੰਨੂੰ, ਦੋਵੇਂ ਰਲ ਸੁੱਤੇ,
ਮੁਖ ਪਰ ਲੈ ਕੇ ਰੁਮਾਲ ਮਾਹੀਆ, ਹਾਣੀਆ ਵੇ।

ਸੱਸੀ ਜੋ ਪਾਸਾ ਮੋੜਿਆ,
ਪੁੰਨੂੰ ਤੇ ਹੈ ਨਹੀਂ ਕੋਲ ਮਾਹੀਆ, ਹਾਣੀਆ ਵੇ।

ਸੱਸੀ ਥਲ ਵਿੱਚ ਰੋਂਦੀ ਵੇ,
ਲੈ ਲੈ ਤੇਰਾ ਨਾਂ ਵੇ ਮਾਹੀਆ, ਹਾਣੀਆ ਵੇ।

ਮਾਹੀ ਦੀ ਜੁਦਾਈ

ਦਿਨ ਚੜ੍ਹਿਆ ਤੇ ਪੈ ਗਈ ਜੁਦਾਈ,
ਵੇ ਨਈਂ ਕੋਈ ਗੱਲ ਪੁੱਛ ਲਈ।

ਸੱਸੀ ਚੋਰੀ ਚੋਰੀ ਪ੍ਰੀਤ ਲਗਾਈ ਵੇ,
ਰਾਤ ਅੰਧੇਰੀ ਵੇਲੇ, ਕੁਵੇਲੇ
ਮਾਏ ਨੀ ਢੂੰਡਾਂ ਜੰਗਲ ਬੇਲੇ।
ਦਿਸਦਾ ਨਈਂ ਮੇਰਾ ਮਾਹੀ ਵੇ,
ਨਈਂ ਕੋਈ ਪੁੱਛ ਲਈ।

ਡੂੰਘੀ ਨਦੀ ਆ, ਤੁਲਾ ਪੁਰਾਣਾ,
ਮੈਂ ਅਣਤਾਰੂ ਤਰਨ ਨਾ ਜਾਣਾਂ।
ਕੰਢੇ ਤੇ ਖਲਾ ਮੇਰਾ ਮਾਹੀ ਵੇ,
ਨਈਂ ਕੋਈ ਪੁੱਛ ਲਈ।

ਚੜ੍ਹ ਕੋਠੇ ਤੇ ਮਾਰੀ ਏ ਝਾਤੀ,
ਦਿਸਦੀ ਨਈਂ ਮਹੀਂਵਾਲ ਦੀ ਡਾਚੀ।
ਨਾਲੇ ਨਾ ਦਿਸੇ ਸੋਹਣਾ ਮਾਹੀ ਵੇ,
ਨਈਂ ਕੋਈ ਗੱਲ ਪੁੱਛ ਲਈ।

ਅੱਖੀਆਂ

ਇਸੇ ਗੱਲ ਦੀ ਮਾਰੀ,
ਵੇ ਮੈਂ ਨਈਂ ਸਾਂ, ਲਾਂਦੀ ਅੱਖੀਆਂ।

ਰਾਤੀਂ ਤਾਂ ਕਹਿੰਦਾ ਸੈਂ ਮੈਂ ਬੰਦ ਬਣਵਾਦਿਆਂ
ਦਿਨ ਜਦ ਚੜ੍ਹਿਆ ਤੇ ਉਲਟ ਗਈਆਂ ਅੱਖੀਆਂ।
ਪਲਟ ਗਈਆਂ ਅੱਖੀਆਂ
ਇਸੇ ਗੱਲ ਦੀ ਮਾਰੀ, ਵੇ ਮੈਂ ਨਈਂ ਸਾਂ ਲਾਂਦੀ ਅੱਖੀਆਂ।

ਰਾਤੀਂ ਤਾਂ ਕਹਿੰਦਾ ਸੈਂ,
ਚੂੜਾ ਘੜਵਾ ਦਿਆਂ।
ਦਿਨ ਜਦ ਚੜ੍ਹਿਆ ਤੇ
ਉਲਟ ਗਈਆਂ ਅੱਖੀਆਂ।
ਪਲਟ ਗਈਆਂ ਅੱਖੀਆਂ।

ਇਸੇ ਗੱਲ ਦੀ ਮਾਰੀ ਵੇ
ਮੈਂ ਨਹੀਂ ਸਾਂ ਲਾਂਦੀ ਅੱਖੀਆਂ

ਰੋੜਾ

ਵੇ ਰੋੜਾ ਨਾ ਮਾਰੀਂ।
ਜੀਵੇਂ ਜਵਾਨੀਆਂ ਮਾਣੇ।
ਅੱਧੀ ਅੱਧੀ ਰਾਤੀਂ ਪਾਨਾ ਏਂ ਫੇਰੇ।
ਨਾਰਾਂ ਪਰਾਈਆਂ ਨਾਲ ਕਰਨਾ ਏਂ ਝੇੜੇ।
ਸੁੱਤੜੇ ਨੀ ਬਾਲ ਅੰਞਾਣੇ, ਵੇ ਰੋੜਾ ਨਾ ਮਾਰੀਂ।

ਮਾਹੀ ਮੇਰੇ ਦੀ ਅੱਖ ਵੇ ਨਿਆਰੀ
ਜਿਵੇਂ ਮੇਰੇ ਚੰਨ ਜੀ ਅੰਬ ਦੀ ਫਾੜੀ।
ਦੰਦ ਮੋਤੀਆਂ ਦੇ ਦਾਣੇ, ਵੇ ਰੋੜਾ ਨਾ ਮਾਰੀਂ।

ਸੱਸੀਏ ਬੇਖ਼ਬਰੇ

ਸੱਸੀਏ ਬੇਖ਼ਬਰੇ ਨੀ
ਤੇਰਾ ਲੁੱਟਿਆ ਸ਼ਹਿਰ ਭੰਬੋਰ।

ਬੇਖ਼ਬਰੀ ਵਿੱਚ ਪਰੀਤ ਲਗਾਈ,
ਜਾਗ ਆਈ ਤੇ ਟੁਰ ਗਿਆ ਮਾਹੀ।
ਕਰਨੀ ਪੈ ਗਈ ਟੋਲ, ਸੱਸੀਏ ਬੇਖ਼ਬਰੇ।

ਹੋਤਾਂ ਮੈਂ ਨਾਲ ਦਗ਼ਾ ਕਮਾਇਆ,
ਪੁੰਨੂੰ ਲਾਲ ਕਚਾਵੇ ਪਾਇਆ।
ਸੁੰਨੀ ਰਹਿ ਗਈ ਸੇਤ ਸੱਸੀਏ ਬੇਖ਼ਬਰੇ।

ਪੁਨੂੰ ਦੀ ਮਾਰੀ ਕੇਚ ਨੂੰ ਜਾਵਾਂ,
ਵਿੱਚ ਥਲਾਂ ਦੇ ਜਾਨ ਗਵਾਵਾਂ।
ਹੋ ਜਾਣ ਪਰਦੇ ਪੋਸ਼, ਸੱਸੀਏ ਬੇਖ਼ਬਰੇ ।

ਬੇਖ਼ਬਰੇ ਨੂੰ ਖ਼ਬਰ ਨਾ ਕਾਈ।
ਸੁਰਤ ਆਈ ਤੇ ਲੱਦ ਗਿਆ ਮਾਹੀ ।
ਥਲਾਂ ਦੀ ਤੱਤੜੀ ਰੇਤ,
ਸੱਸੀਏ ਬੇਖ਼ਬਰੇ।

ਸਾਵੀਆਂ ਪੀਲੀਆਂ ਵੰਙਾਂ

ਸਬਜ਼ ਚੜ੍ਹਾ ਲਈਆਂ ਵੰਙਾਂ, ਨੀ ਮੇਰੀਆਂ।
ਸਾਵੀਆਂ, ਪੀਲੀਆਂ, ਵੰਗਾਂ ਨੀ ਮੇਰੀਆਂ।

ਇਹ ਵੰਗਾਂ ਮੇਰੀ ਮਾਂ ਨੇ ਚੜ੍ਹਾਈਆਂ
ਪਾਂਦੀ ਮੂਲ ਨਾ ਸੰਗਾਂ ਨੀ, ਮੇਰੀਆਂ।

ਇਹ ਵੰਙਾਂ ਮੇਰੇ ਸਹੁਰੇ ਚੜ੍ਹਾਈਆਂ।
ਸੰਗਦੀ ਮੂਲ ਨਾ ਲੰਘਾਂ ਮੇਰੀਆਂ।

ਇਹ ਵੰਙਾਂ ਮੇਰੀ ਸੱਸ ਨੇ ਚੜ੍ਹਾਈਆਂ।
ਬਹਿ ਸਰਦਲ ਤੇ ਭੰਨਾਂ ਨੀ ਮੇਰੀਆਂ।

ਇਹ ਵੰਙਾਂ ਮੇਰੇ ਮਾਹੀ ਨੇ ਚੜ੍ਹਾਈਆਂ,
ਹੱਸਦੀ ਹੱਸਦੀ ਲੰਘਾਂ ਨੀ ਮੇਰੀਆਂ।

ਤੇਰੀ ਖ਼ਾਤਰ

ਮੋੜਿਆ ਨਾ ਰਹਿੰਦਾ,
ਮਿਰਜ਼ਾ ਮੋੜਿਆ ਨਾ ਰਹਿੰਦਾ।

ਤੇਰੀ ਤੇਰੀ ਖ਼ਾਤਰ ਵੇ ਚੀਰੇ ਵਾਲਿਆ,
ਦਰ ਪਰ ਬਾਗ਼ ਲਵਾਇਆ ਏ।

ਹੋਰ ਕਿਸੇ ਪੱਜ ਆਉਂਦਾ ਨਈਂ ਤੂੰ,
ਫੁਲਾਂ ਦੇ ਪੱਜ ਆਇਆ ਏਂ।

ਤੋੜ ਗੁੱਛਾ ਤੇਰੀ ਪੱਗ ਵਿੱਚ ਦੇਵਾਂ,
ਤੈਥੋਂ ਕੌਣ ਸਵਾਇਆ ਏ।

ਤੇਰੀ ਤੇਰੀ ਖ਼ਾਤਰ ਵੇ ਚੀਰੇ ਵਾਲਿਆ,
ਦਰ ਪਰ ਮਹਿਲ ਪਵਾਇਆ ਏ।

ਹੋਰ ਕਿਸੇ ਪੱਜ ਆਉਂਦਾ ਨਈਂ ਤੂੰ,
ਵੇਖਣ ਦੇ ਪੱਜ ਆਇਆ ਏਂ।

ਡਾਹ ਕੁਰਸੀ ਤੈਨੂੰ ਬੂਹੇ ਤੇ ਦਿਨੀਂ ਆਂ,
ਤੈਥੋਂ ਕੌਣ ਸਵਾਇਆ ਏ।

ਤੇਰੀ ਤੇਰੀ ਖ਼ਾਤਰ ਵੇ ਚੀਰੇ ਵਾਲਿਆ,
ਦਰ ਤੇ ਖੂਹਾ ਲਵਾਇਆ ਏ।

ਹੋਰ ਕਿਸੇ ਪੱਜ ਆਉਂਦਾ ਨਈਂ ਤੂੰ,
ਨ੍ਹਾਵਣ ਦੇ ਪੱਜ ਆਇਆ ਏਂ।

ਭਰ ਗੜਵਾ ਤੇਰੇ ਪਿੰਡੇ ਤੇ ਪਾਨੀਆਂ,
ਤੈਥੋਂ ਕੌਣ ਸਵਾਇਆ ਏ।

ਤੈਨੂੰ ਵਰਜ ਰਹੀਆਂ ਵੇ

ਨਾ ਗੜ ਮੇਰੀ, ਵਸਤੀ ਚੀਣਾਂ, ਵੇ ਤੈਨੂੰ ਵਰਜ ਰਹੀਆਂ ਵੇ
ਮੋੜ ਰਹੀਆਂ ਹੱਥ ਜੋੜ ਰਹੀਆਂ ਵੇ, ਨਾ ਗੜ ਮੇਰੀ ਵਸਤੀ ਚਿਣੀਆਂ।
ਮੈਂ ਤੈਨੂੰ ਵਰਜ ਰਹੀਆਂ ਵੇ...

ਇਹ ਚੀਣਾਂ ਨੀ ਮੈਂ ਬੀਜਣ ਚੱਲੀਆਂ,
ਸਾਥੋਂ ਤੇ ਨਈਓਂ ਬੀਜੀਂਦਾ ਵੇ
ਵੇ ਤੈਨੂੰ ਵਰਜ ਰਹੀਆਂ ਵੇ...

ਇਹ ਚੀਣਾਂ ਨੀ ਮੈਂ ਵੱਢਣ ਚੱਲੀਆਂ,
ਸਾਥੋਂ ਤੇ ਨਹੀਓਂ ਵਢੀਂਣਾ।
ਤੈਨੂੰ ਵਰਜ ਰਹੀਆਂ ਵੇ...

ਇਹ ਚੀਣਾਂ ਨੀ ਮੈਂ ਛੜਨ ਜੋ ਚੱਲੀਆਂ
ਸਾਥੋਂ ਤੇ ਨਹੀਂ ਵੇ ਛੜੀਂਦਾ,
ਵੇ ਤੈਨੂੰ ਵਰਜ ਰਹੀਆਂ ਵੇ...

ਇਹ ਚੀਣਾਂ ਵੇ ਮੈਂ ਛੱਟਣ ਚੱਲੀਆਂ,
ਸਾਥੋਂ ਤੇ ਨਹੀਂ ਵੇ ਛਟੀਂਦਾ,
ਵੇ ਤੈਨੂੰ ਵਰਜ ਰਹੀਆਂ।

ਫੁਲ ਮੋਤੀਏ ਦਾ ਕੁਮਲਾਇਆ

ਲਾਲ ਮੇਰਾ ਫੁੱਲ ਮੋਤੀਏ ਦਾ,
ਫੁੱਲ ਮੋਤੀਏ ਦਾ ਕੁਮਲਾਇਆ ਲਾਲ ਮੇਰਾ
ਸੋਨੇ ਦਾ ਗੜਵਾ ਗੰਗਾ ਜਲ ਪਾਣੀ,
ਨਹਾਉਣ ਦੇ ਵੇਲੇ ਕੁਮਲਾਇਆ।
ਨੀ ਲਾਲ ਮੇਰਾ...।

ਚੁਣ ਚੁਣ ਕੰਕਰਾਂ, ਮਹਿਲ ਉਸਾਰਾਂ,
ਵੱਸਣ ਦੇ ਵੇਲੇ ਕੁਮਲਾਇਆ
ਨੀ ਲਾਲ ਮੇਰਾ...।

ਲਾਲ ਮੇਰੇ ਦੀ ਕੀ ਵੇ ਨਿਸ਼ਾਨੀ,
ਕੰਨ ਵਿੱਚ ਮੁੰਦਰਾਂ, ਗਲ਼ ਵਿੱਚ ਗਾਨੀ।
ਅੰਗ ਭਬੂਤ ਲਗਾਇਆ,
ਨੀ ਲਾਲ ਮੇਰਾ ਫੁੱਲ ਮੋਤੀਏ ਦਾ।

ਬੂੰਦਾਂ ਬਰਸ ਰਹੀਆਂ

ਬੂੰਦਾਂ ਤੇ ਬਰਸ ਰਹੀਆਂ,
ਪੀਆ ਨਾ ਜਾ, ਨਾ ਜਾ।
ਜੰਮੂਏ ਦੇ ਪਹਾੜ ਵੇ।

ਤੇਰੀ ਤੇਰੀ ਖ਼ਾਤਰ ਵੇ ਮੈਂ ਚੀਰਾ ਰੰਗਾਨੀਆਂ,
ਕਲਗ਼ੀ ਨੇ ਲਾਈ ਏ ਬਹਾਰ ਵੇ,
ਪੀਆ ਨਾ ਜਾ, ਨਾ ਜਾ
ਬੂੰਦਾਂ ਤੇ ਬਰਸ ਰਹੀਆਂ।

ਮਾਹੀ ਦੀ ਖ਼ਾਤਰ ਵੇ ਮੈਂ ਕੰਠਾ ਘੜਾਨੀਆਂ,
ਡੋਰੇ ਨੇ ਲਾਈ ਬਹਾਰ ਵੇ,
ਬੂੰਦਾਂ ਤੇ ਬਰਸ ਰਹੀਆਂ।
ਪੀਆ ਨਾ ਜਾ, ਨਾ ਜਾ।

ਤੇਰੀ ਤੇਰੀ ਖ਼ਾਤਰ ਵੇ ਬਾਗ਼ ਲਵਾਨੀਆਂ,
ਚੰਬੇ ਨੇ ਲਾਈ ਏ ਬਹਾਰ,
ਪੀਆ ਨਾ ਜਾ, ਨਾ ਜਾ।
ਬੂੰਦਾਂ ਤੇ ਬਰਸ ਰਹੀਆਂ।
ਬਰਸ ਰਹੀਆਂ ਪਿਆਰੀ ਜਾਨ।

ਮੈਂ ਬੀਜਾਂ ਵੇ ਗਾਜਰਾਂ

ਮੈਂ ਬੀਜਾਂ ਵੇ ਗਾਜਰਾਂ, ਤੂੰ ਪਾਣੀ ਦਿੰਦਾ ਜਾਈਂ।
ਮੈਂ ਤੇਰੀ ਵੇ ਰਾਂਝਣਾਂ।
ਤੂੰ ਹੈਂ ਮੇਰਾ ਸਾਈਂ।

ਮੈਂ ਚੁਗਾਂ ਵੇ ਗਾਜਰਾਂ, ਤੂੰ ਟੋਕਰੇ ਭਰਦਾ ਜਾਈਂ।
ਮੈਂ ਤੇਰੀ ਵੇ ਰਾਂਝਣਾਂ
ਤੂੰ ਹੈਂ ਮੇਰਾ ਸਾਈਂ।

ਮੈਂ ਪੁੱਟਾਂ ਵੇ ਗਾਜਰਾਂ, ਤੂੰ ਧੋਂਦਾ ਧੋਂਦਾ ਜਾਈਂ,
ਮੈਂ ਤੇਰੀ ਵੇ ਰਾਂਝਣਾਂ...

ਮੈਂ ਵੇਚਾਂ ਵੇ ਗਾਜਰਾਂ ਤੂੰ ਹੋਕਾ ਦੇਂਦਾ ਜਾਈਂ।
ਮੈਂ ਤੇਰੀ ਵੇ ਰਾਂਝਣਾਂ...

ਮੈਂ ਵੇਚਾਂ ਵੇ ਗਾਜਰਾਂ, ਤੂੰ ਪੈਸੇ ਲੈਂਦਾ ਜਾਈਂ,
ਮੈਂ ਤੇਰੀ ਵੇ ਰਾਂਝਣਾਂ, ਤੂੰ ਹੈਂ ਮੇਰਾ ਸਾਈਂ।

ਮੋੜ ਮੁਹਾਰਾਂ

ਕਦੇ-ਕਦੇ ਪੁੰਨਣਾਂ ਮੋੜ ਮੁਹਾਰਾਂ।
ਵੇ ਮੋੜ ਮੁਹਾਰਾਂ
ਆ ਘਰ ਬਾਰਾਂ।

ਲਾਲ ਮਿਲਾਵੀਂ ਨਾ ਤਰਸਾਵੀਂ,
ਮੈਂ ਲੱਖ ਲੱਖ ਸ਼ੁਕਰ ਗੁਜ਼ਾਰਾਂ।
ਕਦੇ ਕਦੇ...

ਜ਼ੇਵਰ ਗਹਿਣੇ ਨੂੰ ਅੱਗ ਲਾਵਾਂ,
ਵੇ ਫੂਕ ਸੁੱਟਾਂ ਘਰ ਬਾਰਾਂ।
ਕਦੇ ਕਦੇ...

ਮਾਪਿਆਂ ਮੇਰਿਆਂ ਦਾਜ ਰੰਗਾਇਆ,
ਵੇ ਜੋਬਨ ਲੁੱਟ ਲਿਆ ਯਾਰਾਂ।

ਸਿਉਣਾ ਤੇ ਲਿਖਣ-ਪੜ੍ਹਨਾ ਪਰੋਣਾ।
ਭੁੱਲ ਗਈਆਂ ਸਭ ਕਾਰਾਂ,
ਵੇ ਕਦੇ ਕਦੇ ਪੁੰਨਣਾ।

ਪੀਲੂੰ ਪੱਕੀਆਂ

ਪੀਲੂੰ ਪੱਕੀਆਂ ਨੀ
ਆ ਚੁਣੋਂ ਰਲ ਯਾਰ
ਪੀਲੂੰ ਚੁਗਦਿਆਂ, ਦਰਦਾਂ ਫੁੱਟੀਆਂ

ਹੱਥਾਂ ਵਿੱਚ ਲੋਟੇ, ਸਿਰਾਂ ਤੇ ਪਛੀਆਂ।
ਚੁਗਦਿਆਂ ਧਾਰ ਓ ਧਾਰ,

ਹੱਥਾਂ ਦੀਆਂ ਤਰਿੱਖੀਆਂ ਨੀ,
ਆ ਚੁਣੋਂ ਰਲ ਯਾਰ।

ਪੀਲੂੰ ਚੁਗਦਿਆਂ, ਫੜੀ ਪਟਾਰੀ।
ਲਾਲ ਨਾ ਮਿਲਿਆ ਜਾਂਦੀ ਵਾਰੀ।

ਇਸ਼ਕ ਤੇਰੇ ਦੀਆਂ ਫੱਟੀਆਂ ਨੀ,
ਆ ਚੁਣੋਂ ਰਲ ਯਾਰ

ਸਾਵਣ ਮਾਹ ਦੇ ਕਾਲ਼ੇ ਬਦਲੇ।
ਕਾਲ਼ਿਆਂ ਕੋਹਝਿਆਂ, ਪਾ ਲਏ ਕਜਲੇ।

ਪਾਂਦੀਆਂ ਧਾਰੋ ਧਾਰ, ਨੋਕਾਂ ਤਿੱਖੀਆਂ ਨੇ।
ਆ ਚੁਣੋਂ ਰਲ ਯਾਰ, ਪੀਲੂੰ ਪੱਕੀਆਂ ਨੀ ।

ਮੇਰਿਆ ਵੇ ਮਾਹੀਆ

ਮੇਰਿਆ ਵੇ ਮਾਹੀਆ, ਮੈਂ ਚੜ੍ਹੀ ਜਹਾਜ਼ਾਂ ਤੇ।
ਵੇ ਚੀਰੇ ਵਾਲਿਆ, ਮੈਂ ਚੜ੍ਹੀ ਜਹਾਜ਼ਾਂ ਤੇ।

ਦੁੱਖ-ਸੁੱਖ ਸੱਜਣਾ ਦੇ ਲਿਖ ਲਵੀਂ ਕਿਤਾਬਾਂ ਤੇ।
ਵੇ ਚੀਰੇ ਵਾਲਿਆ ਲਿਖ ਲਈਂ ਕਿਤਾਬਾਂ ਤੇ।

ਮੇਰਿਆ ਵੇ ਮਾਹੀਆ, ਮਾੜ੍ਹੀ ਤੇ ਤੋਤਾ ਈ।
ਵੇ ਚੀਰੇ ਵਾਲਿਆ, ਮਾੜ੍ਹੀ ਤੇ ਤੋਤਾ ਈ।

ਤੋਤਾ ਉੱਡ ਵੇ ਗਿਆ ਦਿਲ ਡੋਲ ਖਲੋਤਾ ਈ।
ਵੇ ਚੀਰੇ ਵਾਲਿਆ ਦਿਲ ਡੋਲ ਖਲੋਤਾ ਈ।

ਮੇਰਿਆ ਵੇ ਮਾਹੀਆ, ਦਰਿਆਵੀਂ ਕਾਂਗਾਂ ਨੀ
ਵੇ ਚੀਰੇ ਵਾਲਿਆ ਦਰਿਆਵੀਂ ਕਾਂਗਾਂ ਨੀ।

ਇੱਕ ਵਾਰੀ ਆ ਸੱਜਣਾ, ਮੈਨੂੰ ਤੇਰੀਆਂ ਤਾਂਘਾਂ ਨੀ।
ਵੇ ਚੀਰੇ ਵਾਲਿਆ ਮੈਨੂੰ ਤੇਰੀਆਂ ਤਾਂਘਾਂ ਨੀ ।

ਇਨ੍ਹਾਂ ਜੋਗੀਆਂ ਨੇ

ਇਨ੍ਹਾਂ ਜੋਗੀਆਂ ਨੇ
ਕਿਹੜੇ ਪੱਤਣ ਆਣ ਮੱਲੇ।
ਮੱਲੇ ਨੀ ਇਨ੍ਹਾਂ ਜੋਗੀਆਂ ਨੇ।

ਚੌਂਕ ਘੜਾ ਕੇ ਦੇ ਗਿਆ ਨੀ,
ਫੁੱਲ ਤੇ ਹੈ ਨਹੀਂ ਪੱਲੇ।
ਇਨ੍ਹਾਂ ਜੋਗੀਆਂ ਨੇ।

ਹਾਰ ਘੜਾ ਕੇ ਦੇ ਗਿਆ ਨੀ,
ਜੁਗਨੀ ਤੇ ਹੈ ਨਹੀਂ ਪੱਲੇ।
ਇਨ੍ਹਾਂ ਜੋਗੀਆਂ ਨੇ।

ਬਾਂਕਾਂ ਘੜਾ ਕੇ ਦੇ ਗਿਆ ਨੀ, ਮੁੰਦਰੀ ਤੇ ਹੈ ਨਈਂ ਪੱਲੇ।
ਇਨ੍ਹਾਂ ਜੋਗੀਆਂ ਨੇ ਕਿਹੜੇ ਪੱਤਣ ਆਣ ਮੱਲੇ।

ਨਿੰਮੀ ਨਿੰਮੀ ਬੀਨ ਵੇ ਵੱਜੇ

ਨਿੰਮੀ ਨਿੰਮੀ ਬੀਨ ਵੇ ਵੱਜੇ,
ਵੇ ਹਾੜ੍ਹਾ ਜੋਗੀ।
ਸੱਪ ਮਸਤਾਨਾ ਹੋਇਆ।

ਰੋਹੀ ਵਾਲਾ ਜੰਡ ਵੇ ਵੱਢੇਂ,
ਵੇ ਹਾੜ੍ਹਾ ਜੋਗੀ,
ਇਕਲੜਾ ਈ ਤੂੰ ਪਾਵੀਂ ਚੁਬਾਰਾ ।

ਉੱਪਰ ਜੋਗੀ ਮੈਂ ਵੇ ਵਸਾਂ,
ਵੇ ਹਾੜ੍ਹਾ ਜੋਗੀ।
ਹੇਠ ਵਸੇ ਸੁਨਿਆਰਾ।

ਸੁਨਿਆਰਾ ਮੇਰੀ ਨੱਥ ਵੇ ਘੜੇ, ਵੇ ਹਾੜ੍ਹਾ ਜੋਗੀ,
ਨੱਥ ਪਤਲੀ ਸਾਜ਼ ਭਾਰਾ

ਇੱਕ ਮੇਰੀ ਸੱਸ ਵੇ ਬੁਰੀ,
ਵੇ ਹਾੜ੍ਹਾ ਜੋਗੀ,
ਮੱਲਦੀ ਏ ਚੌਂਤਰਾ ਸਾਰਾ।

ਇੱਕ ਮੇਰਾ ਸਹੁਰਾ ਵੇ ਬੁਰਾ,
ਵੇ ਹਾੜ੍ਹਾ ਜੋਗੀ,
ਹੱਟੀਆਂ ਦਾ ਲੇਖਾ ਲੈਂਦਾ ਸਾਰਾ।

ਇੱਕ ਸਾਡੀ ਨਣਦ ਬੁਰੀ,
ਵੇ ਹਾੜਾ ਜੋਗੀ,
ਕੱਖਾਂ ਦੀ ਕੁੱਲੀ ਦਾ ਚੰਗਿਆੜਾ।

ਇੱਕ ਸਾਡਾ ਦੇਵਰ ਵੇ ਭਲਾ,
ਵੇ ਹਾੜਾ ਜੋਗੀ।
ਭਾਬੀਆਂ ਦਾ ਅੰਤ ਪਿਆਰਾ।

ਇੱਕ ਸਾਡੀ ਦਰਾਣੀ ਵੇ ਭਲੀ,
ਵੇ ਹਾੜਾ ਜੋਗੀ
ਪੇਕੇ ਤੇ ਕਰਦੀ ਏ ਗੁਜ਼ਾਰਾ ।

ਇੱਕ ਚੀਰੇ ਵਾਲਾ ਵੇ ਭਲਾ,
ਵੇ ਹਾੜਾ ਜੋਗੀ,
ਸਾਰਿਆਂ ਨਾਲ ਲੈਂਦਾ ਜਿਹੜਾ ਵਾਰਾ।

ਰੋਹੀ ਬਣਾ ਲਈ ਆ ਦੇਸ ਵਤਨ

ਆ ਸਜਣ ਰਲ ਕੋਲ ਬਹੀਏ
ਕਿੱਸਾ ਦਰਦ ਫ਼ਿਰਾਕ ਵਾਲਾ ਖੋਲ੍ਹ ਬਹੀਏ।
ਦਰਿਆ ਗ਼ਮਾਂ ਵਾਲਾ ਰੋੜ੍ਹ ਬਹੀਏ।

ਸ਼ਾਮ ਤੱਤੀ ਵਾਲਾ ਨੱਸ ਗਿਆ,
ਨਹੀਂ ਪਤਾ ਨਿਸ਼ਾਨੀ ਦੱਸ ਗਿਆ।
ਰੋਂਦੀ ਜੰਗਲਾਂ ਵਿੱਚ ਸੱਟ ਗਿਆ।

ਰੋਹੀ ਬਣਾ ਲਈ ਆ ਦੇਸ ਵਤਨ।
ਲਬਿ ਜਿੰਦੜੀ ਲੁੱਟੀ ਗਈ ਯਾਰ ਸਜਣ।

ਆ ਸਜਣ ਖ਼ਤ ਵੇਖ ਵੇ,
ਮੈਨੂੰ ਤੇਰੀ ਜੁਦਾਈ ਦਾ ਸੇਕ ਵੇ।

ਮੇਰੇ ਤਨ ਬਦਨ ਵਿੱਚ ਛੇਕ ਵੇ।
ਰੋਹੀ ਬਣਾ ਲਈ ਆ ਦੇਸ ਵਤਨ।

ਲਬਿ ਜਿੰਦੜੀ ਲੁੱਟੀ ਗਈ ਯਾਰ ਸਜਣ
ਤੇਰੀ ਰੋਹੀ ਦੇ ਵਿੱਚ ਬੇਰੀਆਂ।
ਜਦੋਂ ਲੱਗੀਆਂ ਤੇਰੀਆਂ ਮੇਰੀਆਂ।
ਮੈਂ ਆ ਗ਼ਮਾਂ ਨੇ ਘੇਰੀ ਆਂ,
ਹਰਦਮ ਨੌਕਰ ਤੇਰੀ ਆਂ।

ਰੋਹੀ ਬਣਾ ਲਈ ਆ ਦੇਸ ਵਤਨ
ਲਬਿ ਜਿੰਦੜੀ ਲੁੱਟੀ ਗਈ ਯਾਰ ਸਜਣ।

ਤੇਰੀ ਰੋਹੀ ਦੇ ਵਿੱਚ ਟਾਲ੍ਹੀਆਂ,
ਅਸਾਂ ਸਖ਼ਤ ਮੁਸੀਬਤਾਂ ਜਾਲੀਆਂ।
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ।
ਅਸਾਂ ਸਖ਼ਤ ਮੁਸੀਬਤਾਂ ਜਾਲੀਆਂ।

ਰੋਹੀ ਬਣਾ ਲਈ ਆ ਦੇਸ ਵਤਨ
ਲਬਿ ਜਿੰਦੜੀ ਲੁੱਟੀ ਗਈ ਯਾਰ ਸਜਣ।

ਜੁੱਤੀ ਨਾਰੇਵਾਲ ਦੀ

ਜੁੱਤੀ ਨਾਰੋਵਾਲ ਦੀ ਵੇ,
ਸਤਾਰਿਆਂ ਜੜਤ ਜੜੀ
ਹਾਏ ਰੱਬਾ ਜੁੱਤੀ ਹੋਵੇ ਤਾਂ ਇਹੋ ਜਿਹੀ।

ਪਾ ਜੁੱਤੀ ਵੇ ਮੈਂ ਨਿਕਲੀ,
ਮੇਰੇ ਪੱਬਾਂ ਤੇ ਧੂੜ ਪਈ।
ਹਾਇ ਰੱਬਾ ਮੇਰੀ ਜੁੱਤੀ ਦੀ ਆਬ ਗਈ।

ਉੱਚੀ ਮਾੜੀ ਲਾਲ ਦੀ
ਜਿੱਥੇ ਵਗਦੀ ਏ ਵਾਅ ਠੰਡੜੀ।
ਵੇ ਬੀਬਾ ਓਥੇ ਡਾਹੁੰਦੀਆਂ ਲਾਲ ਮੰਜੜੀ।

ਹੱਥ ਕਟੋਰਾ ਦੁੱਧ ਦਾ ਤੇਰੇ ਪਲੰਘੇ ਦੇ ਪਾਸ ਖੜੀ।
ਵੇ ਰੱਬਾ ਚੀਰੇ ਵਾਲੇ ਨੂੰ ਖ਼ਬਰ ਨਈਂ।
ਮੋਤੀ ਡੁੱਲ੍ਹੇ ਭੋਇੰ ਪਏ,
ਇਨ੍ਹਾਂ ਡੁੱਲ੍ਹਿਆਂ ਦੀ ਆਬ ਗਈ।

ਹਾਇ ਰੱਬਾ ਚੀਰੇ ਵਾਲੇ ਨੂੰ ਖ਼ਬਰ ਨਈਂ।
ਜਹੇ ਆਏ ਤੁਰ ਗਏ
ਸਾਡੀ ਆਇਆਂ ਦੀ ਕਦਰ ਨਈਂ।

ਕਦਰ ਮਿਲੀ

ਅੱਧੀ ਰਾਤੀਂ ਚੜ੍ਹਨ ਖਿੱਤੀਆਂ,
ਸੱਜਣ ਵੱਲ ਮੈਂ ਲਿਖਾਂ ਚਿੱਠੀਆਂ।
ਲਿਖਾਂ ਸਿੱਧੀਆਂ ਹੋਵਣ ਪੁੱਠੀਆਂ,
ਖ਼ੁਦਾ ਜਾਣੇ ਕਿ ਮਰ ਮੁੱਕੀਆਂ।
ਸੱਜਣ ਮਿਲਸੀ ਕਿ ਨਾ ਮਿਲਸੀ,
ਹਾਇ ਨਾ ਕਰ ਮਾਣ ਵਤਨਾਂ ਦਾ।
ਅਸੀਂ ਹਾਂ ਯਾਰ ਪਰਦੇਸੀ।

ਅੱਧੀ ਰਾਤੀਂ ਚੜ੍ਹਨ ਤਾਰੇ,
ਨੈਣਾਂ ਦੇ ਤੀਰ ਕਿਉਂ ਮਾਰੇ।
ਖ਼ੁਦਾ ਜਾਣੇ ਕਿ ਕਿਉਂ ਮਿਲਸੀ,
ਖ਼ੁਦਾ ਜਾਣੇ ਕਿ ਕਦ ਮਿਲਸੀ।
ਸੱਜਣ ਮਿਲਸੀ ਕਿ ਨਾ ਮਿਲਸੀ,
ਹਾਇ ਨਾ ਕਰ ਮਾਣ ਵਤਨਾਂ ਦਾ
ਅਸੀਂ ਹਾਂ ਯਾਰ ਪਰਦੇਸੀ।

ਅੱਧੀ ਰਾਤੀਂ ਪੱਕੇ ਆੜੂ,
ਵਗਣ ਨਦੀਆਂ ਤਰਨ ਤਾਰੂ
ਖ਼ੁਦਾ ਜਾਣੇ ਤਰਨ ਤਾਰੂ
ਖ਼ੁਦਾ ਜਾਣੇ ਕਿ ਕਦ ਮਿਲਸੀ।
ਸੱਜਣ ਮਿਲਸੀ ਕਿ ਨਾ ਮਿਲਸੀ,
ਨਾ ਕਰ ਮਾਣ ਵਤਨਾਂ ਦਾ।
ਅਸੀਂ ਹਾਂ ਯਾਰ ਪਰਦੇਸੀ।

ਹਾਏ ਗੁਲਾਬੀ ਗਜਰੇ

ਹਾਏ ਗੁਲਾਬੀ ਗਜਰੇ,
ਸੌਂਕਣ ਪਾਏ ਝਗੜੇ।

ਹਾਏ ਕੰਨਾਂ ਦੀਆਂ ਡੰਡੀਆਂ,
ਕਾਹਨੂੰ ਪਾਨਾ ਏਂ ਭੰਡੀਆਂ

ਮੈਂ ਵੀ ਤੇਰੇ ਹਾਣ ਦੀ
ਮੈਂ ਸੱਭੇ ਗੱਲਾਂ ਜਾਣਦੀ।

ਮੈਂ ਲਾਲ ਤੇਰੇ ਜਿੱਡੀਆਂ,
ਮੈਂ ਸੱਭੇ ਖੇਡਾਂ ਖੇਡੀਆਂ।

ਹਾਏ ਪੈਰਾਂ ਦੇ ਤੋੜੇ,
ਸੌਂਕਣ ਪਾਏ ਵਿਛੋੜੇ।

ਹਾਏ ਨੀ ਸੌਂਕਣ ਨਾਰੇ,
ਕਾਹਨੂੰ ਪਾਏ ਪੁਆੜੇ।

ਅੜੀਓ ਕਾਗ ਬਨੇਰੇ 'ਤੇ ਬੋਲਿਆ

ਅੜੀਓ ਕਾਗ ਬਨੇਰੇ ਬੋਲਿਆ।
ਔਸੀਆਂ ਪਾਉਂਦੀ ਦਾ,
ਮੇਰਾ ਨਰਮ ਕਾਲਜਾ ਡੋਲਿਆ।

ਕਿੱਥੇ ਲਾਏ ਨੀ ਸੱਜਣਾਂ ਡੇਰੇ,
ਫੁੱਲ ਕਮਲਾ ਜਾਣਗੇ,
ਕਦੀ ਪਾ ਵਤਨਾਂ ਵੱਲ ਫੇਰੇ।

ਪੂਣੀ ਸੁੱਟ ਜੰਗਲ ਦਿਆ ਕਾਵਾਂ,
ਮਾਹੀ ਮੇਰਾ ਆਣ ਜੇ ਮਿਲੇ
ਤੈਨੂੰ ਕੁੱਟ ਕੁੱਟ ਚੂਰੀਆਂ ਪਾਵਾਂ।

ਗੋਰੀਏ ਹੂੰਝ ਗਲੀਆਂ ਦਾ ਕੂੜਾ।
ਜਦੋਂ ਘਰ ਆਵਾਂਗਾ,
ਤੈਨੂੰ ਪਾਵਾਂ ਸੱਠਾਂ ਦਾ ਚੂੜਾ।

ਗੋਰੀਏ ਹੂੰਝ ਗਲੀਆਂ ਦੇ ਰੋੜੇ।
ਜਦੋਂ ਮੈਂ ਆਵਾਂਗਾ,
ਤੈਨੂੰ ਪਾਵਾਂ ਸੱਠਾਂ ਦੇ ਤੋੜੇ।

ਮਾਰੀ ਤੇਰਿਆਂ ਗ਼ਮਾਂ ਦੀ

ਲੁੱਟੀ ਹੀਰ ਵੇ ਦਿਲਾਂ ਦੀ,
ਹਾਲ ਵੇ ਰੱਬਾ,
ਮਾਰੀ ਤੇਰਿਆਂ ਗ਼ਮਾਂ ਦੀ ।

ਸੱਜਣ ਜੋ ਸਾਡੇ ਆਓ ਲੱਗੇ ਵੈਂਦੇ
ਮਗਰ ਉਨ੍ਹਾਂ ਦੇ ਲੇਲਾ।
ਅੱਖਾਂ ਮਾਹੀ ਦੀਆਂ, ਮਸਤ ਰੰਗੀਲੀਆਂ,
ਵਿੱਚ ਕਜਲਾ ਨਜ਼ਰੀਲਾ,
ਲੁੱਟੀ ਹੀਰ ਵੇ

ਉੱਚੀਆਂ ਲੰਮੀਆਂ ਕੰਧਾਂ ਚੜ੍ਹਾਈਆਂ,
ਵਿੱਚ ਰਖਾਏ ਕਰੇਲੇ।
ਐਸਾ ਵੇ ਕੋਈ ਸੱਜਣ ਜੋ ਹੋਵੇ,
ਹੀਰ ਤੇ ਰਾਂਝਾ ਮੇਲੇ,
ਲੁੱਟੀ ਹੀਰ ਵੇ

ਉਚੀਏ ਲੰਮੀਏ ਲਾਲ ਖਜੂਰੇ,
ਪੱਤਰ ਜਿਨ੍ਹਾਂ ਦੇ ਪੀਲੇ,
ਪੁੱਤਰ ਜਿਨ੍ਹਾਂ ਦੇ ਰਾਵਲ ਜੋਗੀ,
ਮਾਂਵਾਂ ਦੇ ਕੀ ਹੀਲੇ ।
ਲੁੱਟੀ ਹੀਰ ਵੇ ਦਿਲਾਂ ਦੀ,
ਹਾਲ ਵੇ ਰੱਬਾ,
ਮਾਰੀ ਤੇਰਿਆਂ ਗ਼ਮਾਂ ਦੀ।

ਝੋਕ

ਝੋਕ ਮੇਰੇ ਰਾਂਝੇ ਵਾਲੀ ਕਿਤਨੀ ਕੁ ਦੂਰ ਏ
ਅੱਖੀਆਂ ਥੋਂ ਨੇੜੇ ਨੇੜੇ, ਕਦਮਾਂ ਥੋਂ ਦੂਰ ਏ।
ਝੋਕ ਰਾਂਝੇ ਵਾਲੀ ਮਿਲ ਮਹੀ ਵਾਲਿਆ ।
ਤੇਰੇ ਵਿਛੋੜੇ ਮੇਰਾ ਤਨ ਮਨ ਜਾਲਿਆ।
ਝੋਕ ਮੇਰੇ ਰਾਂਝੇ ਵਾਲੀ ਕਿਤਨੀ ਕੁ ਦੂਰ ਏ?

ਜੇ ਤੁਰ ਚੱਲਿਉਂ ਵੇ ਮੈਂ ਚੱਕੜੀ ਝੋਤੀ ਆ।
ਗੱਲ ਨਾ ਕੀਤੀ ਤੇਰੀ ਮਾਂ ਵੇ ਖਲੋਤੀ ਆ।
ਝੋਕ ਮੇਰੇ ਰਾਂਝੇ ਵਾਲੀ ਕਿਤਨੀ ਕੁ ਦੂਰ ਏ?

ਜੇ ਤੁਰ ਚੱਲਿਉਂ ਵੇ ਮੈਂ ਆਟੜਾ ਛਾਣਦੀ।
ਤੂੰ ਤੁਰ ਚੱਲਿਉਂ ਵੇ ਮੈਂ ਗੱਲ ਨਾ ਜਾਣਦੀ।
ਝੋਕ ਮੇਰੇ ਰਾਂਝਣ ਵਾਲੀ ਕਿਤਨੀ ਕੁ ਦੂਰ ਏ?

ਜੇ ਤੁਰ ਚੱਲਿਉਂ ਵੇ ਮੈਂ ਦਾਣੇ ਭੁਨਾਉਂਨੀ ਆਂ।
ਡਰਦੀ ਸਈਆਂ ਥੋਂ ਤੇਰੀ ਝੋਲੀ ਪਾਨੀ ਆਂ।
ਝੋਕ ਮੇਰੇ ਰਾਂਝਣ ਵਾਲੀ ਕਿਤਨੀ ਕੁ ਦੂਰ ਏ?

ਜੇ ਤੁਰ ਚੱਲਿਉਂ ਤੇਰੇ ਨਾਲ ਮੈਂ ਜਾਵਾਂ ਵੇ ।
ਜਿੰਦ ਨਿਮਾਣੀ ਨੂੰ ਮੈਂ ਘੋਲ ਘੁਮਾਵਾਂ ਵੇ ।
ਝੋਕ ਮੇਰੇ ਰਾਂਝਣ ਵਾਲੀ ਕਿਤਨੀ ਕੁ ਦੂਰ ਏ?

ਜੇ ਤੁਰ ਚੱਲਿਉਂ ਮੇਰੀ ਝੋਲੀ ਵਿੱਚ ਦਾਣੇ ਵੇ ।
ਰੋਂਦੇ ਤੇ ਰਹਿ ਗਏ ਤੇਰੇ ਬਾਲ ਇੰਞਾਣੇ ਵੇ।
ਝੋਕ ਮੇਰੇ ਰਾਂਝਣ ਵਾਲੀ ਕਿਤਨੀ ਕੁ ਦੂਰ ਏ?

ਲੰਮੇ ਗੀਤ

ਜੰਮੂ ਸ਼ਹਿਰ ਵਸੇਂਦਿਆ

ਜੰਮੂ ਸ਼ਹਿਰ ਵਸੇਂਦਿਆ ਬੀਬਾ ਵੇ ਵਸ ਸ਼ਹਿਰ ਮੇਰੇ
ਤੇਰੇ ਜੇਹਾ ਮੇਰਾ ਲਾਲ ਸਾਈਂ।
ਲਾਲ ਸਾਈਂ ਦਿਲ ਦੀ ਜਾਣ ਸਾਈਂ।
ਉਹਦੇ ਚਿਹਰੇ ਦੀ ਅਜਬ ਬਹਾਰ ਈ,
ਬੀਬਾ ਜਾ ਪੁੱਛਾਂ ਤੇਰੀ ਮਾਂ ਤਾਈਂ।
ਭਾਬੋ ਪੁੱਤਰ ਕਿਹੜੇ ਪਾਸੇ ਟੋਰਿਆ ਈ।
ਨੋਹੇਂ ਨੀ ਮੈਂ ਨਾ ਟੋਰਿਆ ਤੂੰ ਨਾ ਟੋਰਿਆ
ਦੰਮਾਂ ਦਾ ਲੋਭੀ ਆਪੇ ਟੁਰ ਗਿਆ ਈ।
ਬੀਬਾ ਵੇ ਸਬਰ ਪਵੇ ਤੇਰਿਆਂ ਦੋਸਤਾਂ ਨੂੰ
ਜਿਨ੍ਹਾਂ ਸੀਟੀਆਂ ਮਾਰ ਬੁਲਾ ਲਿਆ ਈ।
ਬੀਬਾ ਵੇ ਸਬਰ ਪਵੇ ਤੇਰਿਆਂ ਚਾਕਰਾਂ ਨੂੰ,
ਜਿਨ੍ਹਾਂ ਅੱਧੀ ਅੱਧੀ ਰਾਤੀਂ ਘੋੜਾ ਜੋੜਿਆ ਈ।
ਬੀਬਾ ਸਬਰ ਪਵੇ ਬੇੜੀ ਵਾਲਿਆਂ ਨੂੰ
ਜਿਨ੍ਹਾਂ ਪਹਿਲੜੇ ਪੂਰ ਲੰਘਾ ਦਿੱਤਾ ਈ।
ਬੀਬਾ ਸਬਰ ਪਵੇ ਜੰਮੂ ਰਾਜਿਆਂ ਨੂੰ,
ਜਿਨ੍ਹਾਂ ਜਾਂਦੇ ਦਾ ਨਾਂਵਾਂ ਲਾ ਲਿਆ ਈ।
ਬੀਬਾ ਸਬਰ ਪਵੇ ਜੰਮੂ ਰਾਣੀਆਂ ਨੂੰ,
ਜਿਨ੍ਹਾਂ ਮੇਰਾ ਤੇ ਲਾਲ ਭਰਮਾ ਲਿਆ ਈ।

ਖੂਹ ’ਤੇ ਪਾਣੀ ਭਰੇਂਦੀਏ

ਖੂਹ ’ਤੇ ਪਾਣੀ ਭਰੇਂਦੀਏ, ਘੁੱਟ ਕੁ ਪਾਣੀ ਪਿਆ।
ਆਪਣਾ ਤੇ ਭਰਿਆ ਵਾਰੀ ਨਾ ਦੇਵਾਂ, ਲੱਜ ਪਈ ਭਰ ਪੀ।
ਲੱਜ ਤੇਰੀ ਨੂੰ ਘੁੰਗਰੂ, ਗੋਰੀਏ ਹੱਥ ਲਾਵਾਂ ਝੜ ਜਾ।
ਹੇਠ ਦਾ ਘੋੜਾ ਮਰ ਜਾਏ, ਕਾਠੀ ਰਹਿ ਜਾਏ ਹੱਥ।
ਘਰ ਜਾਂਦੀ ਨੂੰ ਪਿਉ ਮਾਰੇ ਵੇ ਬੀਬਾ, ਪੈ ਜਾਏਂ ਸਪਾਈਆਂ ਦੇ ਹੱਥ।
ਸਿਰ ਦੀ ਝੱਜਰੀ ਭੱਜ ਪਈਏ, ਗੋਰੀਏ ਇੰਞੂ ਰਹਿ ਜਾਏ ਹੱਥ।
ਘਰ ਜਾਂਦਿਆਂ ਨੂੰ ਮਾਂ ਮਾਰੇ ਗੋਰੀਏ, ਪੈ ਜਾਏਂ ਸਾਡੇ ਵੱਸ।
ਘਰ ਆਂਦਿਆਂ ਨੂੰ ਮਾਂ ਪੁੱਛਦੀ, ਧੀਏ ਕਿੱਥੋਂ ਆਈਂ ਏਂ ਤਰਕਾਲਾਂ ਪਾ,
ਲੰਮਾ ਤੇ ਝੰਮਾ ਗੱਭਰੂ ਨੀ ਮਾਏ, ਬੈਠਾ ਸੀ ਝਗੜਾ ਲਾ।
ਬਾਪ ਤੇਰੇ ਦਾ ਜਵਾਤਰਾ ਧੀਏ, ਤੇਰੇ ਸਿਰੋਂ ਸਿਰਦਾਰ।
ਰਲ ਸਈਆਂ ਪੁੱਛਦੀਆਂ, ਨੀ ਕਿਵੇਂ ਰੁੱਠੜਾ ਲਾਲ ਮਨਾ।
ਹੱਥ ਕਟੋਰਾ ਦੁੱਧ ਦਾ, ਜਾ ਕੇ ਸੁੱਤੜਾ ਲਾਲ ਜਗਾ।
ਕੀ ਸੁੱਤਾ ਕੀ ਜਾਗਦਾ, ਕੀ ਤੂੰ ਗਇਉਂ ਬਜ਼ਾਰ।
ਨਾ ਮੈਂ ਸੁੱਤਾ ਨਾ ਜਾਗਦਾ, ਨਾ ਮੈਂ ਗਿਆ ਬਜ਼ਾਰ, ਖੂਹ ਦੇ ਬੋਲ ਸੁਣਾ।
ਨਿੱਕਿਆਂ ਹੁੰਦਿਆਂ ਹੋ ਗਿਉਂ ਵੇ ਜੁਦਾ ਹੁਣ ਤੇ ਮਨੋਂ ਵਸਾਰ।
ਸ਼ਾਬਾਸ਼ੇ ਤੇਰੀ ਬੁੱਧ ਦੇ ਗੋਰੀਏ, ਧੰਨ ਜਣੇਂਦੜੀ ਮਾਂ।
ਤੇਰੀਆਂ ਸੁੱਖਣਾਂ ਮੈਂ ਦਿਆਂ ਬੀਬਾ, ਮੇਰੀਆਂ ਵੇ ਤੇਰੀ ਮਾਂ।

ਏਸ ਕੁਵੇਲੜੇ ਨੀ

ਏਸ ਕੁਵੇਲੜੇ ਨੀ
ਪਾਣੀਏ ਨੂੰ ਕਿਉਂ ਚੱਲੀ ਐਂ,
ਮੇਰੀਏ ਨਾਜ਼ਕੇ ਨਾਰੇ।

ਏਸ ਕੁਵੇਲੜੇ ਵੇ,
ਪਾਣੀ ਦੀ ਲੋੜ ਸੀ
ਮੇਰਿਆ ਵਹਿਮੀਆ ਢੋਲਾ।

ਕਿਹੜੀ ਖੂਹੀ ਨੀ
ਸਾਨੂੰ ਦੱਸ ਦੇ
ਮੇਰੀਏ ਨਾਜ਼ਕੇ ਨਾਰੇ।

ਓਹੋ ਖੂਹੜੀ ਵੇ
ਸਾਨੂੰ ਭੁੱਲ ਗਈ
ਮੇਰਿਆ ਵਹਿਮੀਆ ਢੋਲਾ।

ਓਹੋ ਝੱਜਰੀ ਵੇ
ਸਾਨੂੰ ਦੱਸ ਦੇ
ਮੇਰੀਏ ਨਾਜ਼ਕੇ ਨਾਰੇ।

ਓਹੋ ਝੱਜਰੀ ਨੀ
ਸਾਥੋਂ ਭੱਜ ਪਈ
ਮੇਰਿਆ ਵਹਿਮੀਆ ਢੋਲਾ।

ਓਹੋ ਠੀਕਰੀ ਨੀ
ਸਾਨੂੰ ਦੱਸ ਦੇ
ਮੇਰੀਏ ਨਾਜ਼ਕੇ ਨਾਰੇ।

ਓਹੋ ਠੀਕਰੀ ਵੇ
ਬਾਲਕ ਲੈ ਗਏ
ਮੇਰਿਆ ਵਹਿਮੀਆ ਢੋਲਾ।

ਤਿਲੀਅਰ ਕਾਗਾ

ਉੱਡੀਂ ਵੇ ਮੇਰੇ ਤਿਲੀਅਰ ਕਾਗਾ
ਲੰਮੀ ਲਈਂ ਵੇ ਉਡਾਰੀ।

ਜਾ ਆਖੀਂ ਮੇਰੇ ਨੌਸ਼ਹੁ ਦੇ ਡੇਰੇ
ਗੋਰੀ ਮਨੋਂ ਕਿਉਂ ਵਿਸਾਰੀ।

ਗੋਰੀਏ ਨਾ ਅਸਾਂ ਵਿਸਰੀ ਨਾ ਏਂ ਵਿਸਾਰੀ।
ਹਰਦਮ ਲੱਗੜੀ ਏਂ ਪਿਆਰੀ।

ਬੀਬਾ ਨਾ ਤੁਸਾਂ ਭੇਜਿਆ ਸੁੱਖ ਦਾ ਸੁਨੇਹਾ
ਨਾ ਤੁਸੀਂ ਭੇਜੀ ਏ ਚੀਰੀ।

ਗੋਰੀਏ ਕਿਹਦੇ ਹੱਥ ਭੇਜਾਂ ਸੁੱਖ ਦਾ ਸੁਨੇਹੜਾ
ਕਿਹਦੇ ਹੱਥ ਭੇਜਾਂ ਮੈਂ ਚੀਰੀ ਨੀ

ਬੀਬਾ ਆਂਦੇ ਜਾਂਦੇ ਹੱਥ ਸੁੱਖ ਦਾ ਸੁਨੇਹਾ
ਪਿਆਰੇ ਦੇ ਲੜ ਚੀਰੀ।

ਗੋਰੀਏ ਲਿਖਣ ਜੋਗਾ ਕਾਗਤ ਨਈਂ ਲੱਭਦਾ
ਕਲਮ ਜੋਗੀ ਨਈਉਂ ਸ਼ਾਹੀ।

ਬੀਬਾ ਦਿਲ ਦਾ ਟੁਕੜਾ ਮੈਂ ਕਾਗਤ ਬਣਾਵਾਂ
ਨੈਣਾਂ ਦੇ ਕਜਲੇ ਦੀ ਸ਼ਾਹੀ।

ਹੱਥ ਦੀ ਉਂਗਲੀ ਦੀ ਕਲਮ ਬਣਾਵਾਂ
ਰੋ ਰੋ ਹੰਝੂਆਂ ਦਾ ਪਾਣੀ।

ਲਿਖਣ ਵਾਲਿਆ ਤੂੰ ਐਸਾ ਵੇ ਲਿਖ ਦੇ,
ਸ਼ਹੁ ਵਾਚਦਿਆਂ ਘਰ ਆਵੇ।

ਬਹਿ ਪਰਛਾਵੇਂ ਮੈਂ ਚੀਰੀ ਜੋ ਵਾਚਾਂ,
ਨੈਣਾਂ ਪਾਈ ਸੂ ਗ਼ੁਬਾਰੀ।

ਨਾ ਡੁੱਲ੍ਹੋ ਨਾ ਡੁੱਲ੍ਹੋ ਕਮਲਿਓ ਨੈਣੋਂ,
ਚਿੱਠੀ ਤੇ ਵਾਚਾਂ ਮੈਂ ਸਾਰੀ

ਹਰਿਆਲਿਆ ਤੂਤਾ

ਤੂਤਾ ਵੇ ਹਰਿਆਲਿਆ ਤੂਤਾ ਤੂਤ ਪਲਮਦੇ ਜ਼ਰਦੇ।
ਇਨ੍ਹੀਂ ਇਨ੍ਹੀਂ ਰਾਹੀਂ ਮੇਰੇ ਜਾਂਦੇ ਤੋਂ ਡਿੱਠੇ ਦੋ ਨੈਣਾਂ ਦੇ ਬਰਦੇ।
ਤੂਤਾ ਵੇ ਹਰਿਆਲਿਆ ਤੂਤਾ ਤੂਤ ਪਲਮਦੇ ਪਾਵੇ
ਜਿਹੜੇ ਸੱਜਣ ਪਰਦੇਸ ਵਸਦੇ ਮਰਨੀ ਆਂ ਤਿਨ੍ਹਾਂ ਦੇ ਹਾਵੇ।
ਮਾਂ ਪੁੱਛੇ ਭਰਜਾਈ ਪੁੱਛੇ ਧੀਏ ਛੱਲੜਾ ਕਿੱਥੇ ਗੁਆਇਆ?
ਮਾਏ ਸੁਜੜੀ ਚੀਚੀ ਦਾ ਕਾਲੜਾ ਛੱਲਾ ਡਿਗਦਾ ਨਜ਼ਰ ਨਾ ਆਇਆ।
ਮਾਏ ਨੀ ਸੁਣ ਮੇਰੀਏ ਮਾਏ ਇੱਕ ਗੱਲ ਸੁਣ ਲੈ ਮੇਰੀ।
ਮੇਰੇ ਹਾਣ ਦੀਆਂ ਧੀਆਂ ਚੱਲੀਆਂ ਕਿਚਰਕ ਰਹਾਂ ਮਨ ਮਾਰੀ।
ਧੀਏ ਨੀ ਸੁਣ ਮੇਰੀਏ ਧੀਏ ਨਾ ਕਰ ਏਡ ਬਹਾਨੇ।
ਜਿੰਨਾ ਕੁ ਚਿਰ ਤੇਰਾ ਕੌਂਤ ਇਞਾਣਾ ਤੂੰ ਜਾ ਨੀ ਮੈਂ ਵਾਂਢੇ ।
ਕਿਤਨਾ ਕੁ ਚਿਰ ਮਾਏ ਵਾਂਢੇ ਨੇ ਟੀਂਡੇ ਕਿਤਨਾ ਕੁ ਚਿਰ ਰਹਿਣ ਆਇਆ ਨੀ।
ਮਾਏ ਇਹ ਜੋਬਨ ਮੇਰਾ ਏਵੇਂ ਢਲ ਜਾਣਾ ਜਿਵੇਂ ਦਰਿਆ ਦਾ ਪਾਣੀ
ਕੀ ਤੂੰ ਪਾਵੇਂ ਹਾਰ ਹਮੇਲਾਂ ਕੀ ਤੂੰ ਪਾਵੇਂ ਨੱਥ ਚੂੜਾ।
ਜਿਸ ਰਾਂਝੜੇ ਦਾ ਮਾਣ ਕਰੇਂ ਤੂੰ ਹੱਥ ਖੂੰਡੀ ਮੋਢੇ ਭੂਰਾ।
ਵੇਸਰ ਦੇ ਥਾਂ ਲੌਂਗ ਹੰਢਾਵਾਂ ਚੂੜੇ ਦੇ ਥਾਂ ਵੰਗਾਂ।
ਏਥੇ ਓਥੇ ਦੋਈਂ ਜਹਾਨੀਂ ਮੈਂ ਖ਼ੈਰ ਰਾਂਝੜੇ ਦੀ ਮੰਗਾਂ।
ਕਿਹੜੇ ਪੱਤਣ ਤੇਰੀਆਂ ਮੱਝਾਂ ਲੰਘੀਆਂ ਕਿਹੜੇ ਪੱਤਣ ਤੇਰੀਆਂ ਗਾਈਂ।
ਕਿਹੜੇ ਪੱਤਣ ਮੀਆਂ ਰਾਂਝਾਂ ਲੰਘਿਆ ਹੀਰ ਨਿਮਾਣੀ ਦਾ ਸਾਈਂ।

ਰੱਬਾ ਕਿਤੇ ਮਿਲੀਏ

ਆਪਣੇ ਮਾਹੀ ਨੂੰ ਚੀਰਾ ਰੰਗਾਇਆ
ਕਲਗ਼ੀ ਵਾਲੇ ਨੇ ਬੜਾ ਚਿਰ ਲਾਇਆ
ਰੱਬਾ ਕਿਤੇ ਮਿਲੀਏ

ਕਿਤੇ ਮਿਲੀਏ ਤੇ ਬਹਿ ਸਮਝਾਈਏ
ਕੁਝ ਦਿਲਾਂ ਦੀਆਂ ਖੋਲ੍ਹ ਸੁਣਾਈਏ
ਰੱਬਾ ਕਿਤੇ ਮਿਲੀਏ।

ਆਪਣੇ ਮਾਹੀ ਨੂੰ ਕੰਠਾ ਘੜਾਇਆ,
ਧਾਗੇ ਵਾਲੇ ਨੇ ਬੜਾ ਚਿਰ ਲਾਇਆ,
ਰੱਬਾ ਕਿਤੇ ਮਿਲੀਏ।

ਆਪਣੇ ਮਾਹੀ ਨੂੰ ਵਾਲਾ ਘੜਾਇਆ,
ਮੁਰਕੀ ਵਾਲੇ ਨੇ ਬੜਾ ਚਿਰ ਲਾਇਆ,
ਰੱਬਾ ਕਿਤੇ ਮਿਲੀਏ।

ਟਾਹਲੀਆਂ ਪੱਤਾਂ ਵਾਲੀਆਂ

ਕਿੱਥੇ ਤੇ ਲਾਨੀ ਆਂ ਟਾਲ੍ਹੀਆਂ
ਵੇ ਪੱਤਾਂ ਵਾਲੀਆਂ
ਵੇ ਮੇਰਾ ਪਤਲਾ ਮਾਹੀ
ਕਿੱਥੇ ਤੇ ਲਾਵਾਂ ਸ਼ਤੂਤ
ਬੇ ਸਮਝੇ ਨੂੰ ਸਮਝ ਨਾ ਆਈ।

ਬਾਗ਼ੀਂ ਤੇ ਲਾਨੀਆਂ ਟਾਲ੍ਹੀਆਂ
ਵੇ ਪੱਤਾਂ ਵਾਲੀਆਂ
ਵੇ ਮੇਰਾ ਪਤਲਾ ਮਾਹੀ
ਬੂਹੇ ਤੇ ਲਾਵਾਂ ਸ਼ਤੂਤ
ਬੇ ਸਮਝੇ ਨੂੰ ਸਮਝ ਨਾ ਆਈ।

ਗਿੱਠ ਗਿੱਠ ਹੋਈਆਂ ਨੇ ਟਾਲ੍ਹੀਆਂ
ਵੇ ਪੱਤਾਂ ਵਾਲੀਆਂ
ਵੇ ਮੇਰਾ ਪਤਲਾ ਮਾਹੀ।
ਅੱਧ ਗਿੱਠ ਹੋਏ ਸ਼ਤੂਤ
ਬੇ ਸਮਝੇ ਨੂੰ ਸਮਝ ਨਾ ਆਈ

ਭਾਈ ਵੇ ਰਾਹੇ ਰਾਹੇ ਜਾਂਦਿਆਂ
ਵੇ ਪੀਲੂੰ ਖਾਂਦਿਆ
ਵੇ ਸਿਰ ਮੇਥੀ ਦੀ ਗੱਠੀ
ਜਾ ਆਖੀਂ ਮੇਰੇ ਮਾਹੀ ਨੂੰ
ਗੋਰੀ ਰੋਂਦੜੀ ਛੱਡੀ।

ਰੋਂਦੜੀ ਛੱਡੀ ਤੇ ਕੀ ਹੋਇਆ
ਉਹਦਾ ਦਿਲ ਪਰਚਾਇਓ
ਅੱਗੇ ਤੇ ਚਰਖ਼ਾ ਰੰਗਲਾ
ਪਿੱਛੇ ਪੀਹੜਾ ਡਾਹਿਓ।

ਭਾਈ ਵੇ ਰਾਹੇ ਰਾਹੇ ਜਾਂਦਿਆ
ਵੇ ਪੀਲੂੰ ਖਾਂਦਿਆ
ਵੇ ਸਿਰ ਵਾਲਾਂ ਦਾ ਜੂੜਾ।
ਜਾਂ ਆਖੀਂ ਮੇਰੇ ਮਹਿਰਮ ਨੂੰ
ਵੇ ਗੋਰੀ ਪਹਿਨਿਆ ਚੂੜਾ
ਚੂੜਾ ਪਾਇਆ ਤੇ ਕੀ ਹੋਇਆ
ਚੂੜਾ ਸਹਿਜ ਹੰਢਾਇਉ।

ਗਲੀ ਗਲੀ ਮੇਰੇ ਦੋਸਤ ਨੀ
ਚੂੜੇ ਲਾਜ ਨਾ ਲਾਇਓ।
ਤੇਰੇ ਜਿਹੇ ਲੱਖ ਛੋਕਰੇ
ਵੇ ਕੰਨੀਂ ਕੋਕਲੇ।
ਵੇ ਬਾਗੋਂ ਫੁੱਲ ਲਿਆ ਦਿੰਦੇ
ਹੱਸ ਹੱਸ ਦੇਂਦੇ ਗੋਰੀਆਂ।
ਵੇ ਤੈਨੂੰ ਸੱਧਰ ਨਾ ਆਈ

ਮੇਰੇ ਜਈਆਂ ਲੱਖ ਗੋਰੀਆਂ
ਵੇ ਪਹਿਨੇ ਡੋਰੀਆਂ
ਵੇ ਕੁੱਛੜ ਬਾਲ ਚੜ੍ਹਦੇ
ਹੱਸ ਹੱਸ ਦੇਂਦੀਆਂ ਲੋਰੀਆਂ
ਵੇ ਤੈਨੂੰ ਸੱਧਰ ਨਾ ਆਈ।
ਮਿਟੀ ਦਾ ਬਾਵਾ ਬਣਾਨੀਂ ਆਂ।

ਵੇ ਝੱਗਾ ਪਾਨੀਂ ਆਂ,
ਵੇ ਉੱਤੇ ਦੇਨੀ ਆਂ ਖੇਸੀ।
ਨਾ ਰੋ ਮਿੱਟੀ ਦਿਆ ਬਾਵਿਆ।
ਵੇ ਤੇਰਾ ਪਿਉ ਪਰਦੇਸੀ।

ਮਿੱਟੀ ਦਾ ਬਾਵਾ ਨਹੀਉਂ ਬੋਲਦਾ
ਵੇ ਨਹੀਂ ਚਾਲਦਾ
ਵੇ ਨਹੀਂ ਦੇਂਦਾ ਹੁੰਗਾਰਾ।
ਨਹਾਉਣ ਲੱਗੀ ਦਾ ਗ਼ਲ਼ ਗਿਆ ਨੀ
ਮੇਰਾ ਮਿੱਟੀ ਦਾ ਬਾਵਾ।

ਜੋਬਨ ਵੰਡੀਏ

ਮਾਲਣ ਤੇਰੀਆਂ ਮੂਲੀਆਂ, ਮੁੱਢਾਂ ਤੋਂ ਪੀਲੜੀਆਂ।
ਕਿਤੇ ਮਾਹੀ ਮਿਲੇ ਮਾਹੀਰੜਾ
ਮਾਹੀ ਮਿਲੇ ਤੇ ਝਗੜਾ ਹੋ।
ਕਿਤੇ ਮਿਲੋ ਤੇ ਜੋਬਨ ਵੰਡੀਏ।

ਹੋਰਨਾਂ ਦੀ ਹੱਥੀਂ ਵਾਗੀ ਚੂੜੀਆਂ ਕੋਈ ਸਾਨੂੰ ਵੀ ਸੱਧਰ ਹੋ।
ਕਿਤੇ ਮਾਹੀ ਮਿਲੇ ਮਾਹੀਰੜਾ,
ਮਾਹੀ ਮਿਲੇ ਤੇ ਝਗੜਾ ਹੋ।
ਕਿਤੇ ਮਿਲੋ ਤੇ ਜੋਬਨ ਵੰਡੀਏ।

ਨੇੜੇ ਲੁਵਾ ਵੇ ਬੀਬਾ ਨੌਂਕਰੀ ਸੰਝ ਪਈ ਘਰ ਆ।
ਕਿਤੇ ਮਾਹੀ ਮਿਲੇ,
ਨੀਲੇ ਤੇ ਘੋੜੇ ਵਾਲਿਆ ਘੋੜਾ ਸਹਜ ਭਜਾ।
ਕਿਤੇ ਮਾਹੀ ਮਿਲੇ।

ਸੋਹਣੀ ਦਾ ਪ੍ਰੇਮ

ਕਿੱਕਰੇ ਨੀ ਕੰਡਿਆਲੀਏ ਤੇਰੀ ਠੰਢੜੀ ਛਾਂ।
ਲੰਘ ਲੰਘ ਜਾਂਦੀਆਂ ਮਜਲਿਸਾਂ ਬਹਿ ਬਹਿ ਜਾਣ ਦੀਵਾਨ।
ਨੀਲੇ ਘੋੜੇ ਵਾਲਿਆ ਘੋੜਾ ਸਹਿਜੇ ਦੁੜਾ।
ਅੜਿਆ ਧੱਕ ਪਵੇ ਮੇਰੇ ਮਹਿਲਾਂ ਨੂੰ
ਤੇ ਕਜਲੇ ਪਈ ਰਵਾਲ।

ਬਾਰੀ ਵਿੱਚ ਖਲੋਤੀਏ ਸ਼ੀਸ਼ਾ ਨਾ ਚਮਕਾ ।
ਕਹਿਰ ਪਵੇ ਤੇਰੇ ਰੂਪ ਨੂੰ
ਗਿਆ ਕਲੇਜੇ ਨੂੰ ਖਾ।
ਪੱਟੀਆਂ ਰੱਖ ਗਵਾ ਲਈਆਂ, ਨੈਣ ਗਵਾ ਲਏ ਰੋ
ਏਸ ਜਵਾਨੀ ਦੇ ਹਾਣ ਦਾ
ਮਹਿਰਮ ਨਾ ਮਿਲਿਆ ਕੋ।

ਪੱਟੀਆਂ ਰੱਖ ਗੁੰਦਾ ਕੇ ਨੈਣਾਂ ਨੂੰ ਸਮਝਾ
ਏਸ ਜਵਾਨੀ ਦੇ ਹਾਣ ਦਾ
ਮਹਿਰਮ ਹੈ ਵੇ ਮਹੀਂਵਾਲ।

ਬੇਟਾ ਵੇ ਸੁਣ ਮੇਰਿਆ ਸੋਹਣੀ ਨੂੰ ਸਮਝਾ
ਤੈਨੂੰ ਸੁੱਤੇ ਨੂੰ ਤੈਨੂੰ ਛੱਡ ਕੇ ਜਾਂਦੀ ਪਾਸ ਮਹੀਂਵਾਲ

ਮਾਏ ਨੀ ਸੁਣ ਮੇਰੀਏ ਐਡੇ ਬੋਲ ਨਾ ਬੋਲ
ਦਿਨੇ ਕੱਢੇ ਕਸੀਦੜਾ ਰਾਤੀਂ ਸੌਂਦੀ ਸਾਡੇ ਕੋਲ

ਨਾਰੀਆਂ ਚੰਚਲ ਹਾਰੀਆਂ ਚੰਚਲ ਕੰਮ ਕਰਨ
ਦਿਨੇਂ ਡਰਨ ਬਲਾਈਆਂ ਰਾਤੀਂ ਨਦੀ ਤਰਨ

ਸੱਸ ਗਈ ਘੁਮਿਆਰਾਂ ਦੇ ਕੱਚਾ ਘੜਾ ਪਥਾ
ਕੱਚਾ ਘੜਾ ਪੱਥ ਕੇ ਉੱਤੇ ਪੱਕੜੀ ਬੰਨੀ ਲਾ

ਲੈ ਘੜਾ ਸੱਸ ਮੁੜ ਪਈ ਓਸ ਬੂਹੇ ਦੇ ਓਹਲੇ ਲੁਕਾ
ਆ ਸੋਹਣੀ ਲੈ ਕੇ ਟੁਰ ਪਈ ਠਿੱਲ੍ਹ ਪਈ ਦਰਿਆ।

ਕੱਚਾ ਤੇ ਘੜਾ ਖੁਰ ਗਿਆ ਸੋਹਣੀ ਵੀ ਡੁੱਬੀ ਨਾਲ।
ਜਿਸ ਬੂਝੇ ਹੱਥ ਪਾਂਵਦੀ ਉਹੋ ਬੂਝਾ ਖੁਰ ਜਾ।

ਮੱਛੀਓ ਨੀ ਜਲ ਰੱਖਿਓ ਚੁਣ ਚੁਣ ਖਾਣਾ ਮੇਰਾ ਮਾਸ।
ਇੱਕ ਨਾ ਖਾਣੇ ਨੈਣ ਸਾਡੜੇ ਸਾਨੂੰ ਅਜੇ ਵੀ ਮਿਲਣ ਦੀ ਆਸ।

ਦੁੱਧੋਂ ਦਹੀਂ ਜਮਾ ਲਿਆ ਦਹੀਓਂ ਬਣਾ ਲਈ ਛਾਹ।
ਅੱਜ ਨਈਂ ਸੋਹਣੀ ਆਂਵਦੀ ਕਿਤੇ ਪੈ ਗਈ ਲੰਮੜੇ ਰਾਹ।

ਦੁੱਧੋਂ ਦਹੀਂ ਜਮਾ ਲਿਆ ਦਹੀਓਂ ਬਣਾਇਆ ਪਨੀਰ।
ਅੱਜ ਨਈਂ ਸੋਹਣੀ ਆਂਵਦੀ ਕਿੱਥੇ ਪੈ ਗਈ ਡੂੰਘੜੇ ਨੀਰ।

ਬੇਟਾ ਏਂ ਰਾਜੜੇ ਦਾ

ਬੀਬਾ ਵੇ ਮਹਿਲਾਂ ਦੇ ਹੇਠੋਂ ਜਾਂਦਿਆ
ਚੋਰ ਸਦਾਵਨਾਂ ਕਿ ਸਾਧ ਕਿ ਬੇਟਾ ਏਂ ਰਾਜੜੇ ਦਾ।

ਬੀਬੋ ਨੀ ਚੋਰਾਂ ਦੇ ਮੈਲੇ ਮੈਲੇ ਕੱਪੜੇ
ਸਾਡੇ ਸਾਧਾਂ ਦਾ ਚਿੱਟੜਾ ਵੇਸ।
ਮੈਂ ਬੇਟਾ ਵਾਂ ਰਾਜੜੇ ਦਾ

ਬੀਬਾ ਮਹਿਲ ਛਤਾਈਆਂ ਪੌੜੀਆਂ
ਤੂੰ ਪੌੜੀ ਪੌੜੀ ਚੜ੍ਹ ਆ
ਮੇਰੇ ਮਨ ਚਾਅ

ਤੂੰ ਬੇਟਾ ਏਂ ਰਾਜੜੇ ਦਾ
ਬੀਬੋ ਨੀ ਪੌੜੀ ਚੜ੍ਹੰਦੜਾ ਮਾਰਿਆ
ਮੇਰੀ ਸਾਰੰਗੀ ਜਾਏਗੀ ਖੁੱਸ
ਗ਼ਰੀਬੜੇ ਡੂਮ ਦੀ ਨੀ।

ਬੀਬਾ ਹੱਥਾਂ ਦੀਆਂ ਦੇਵਾਂ ਮੁੰਦਰੀਆਂ
ਤੇਰੀ ਸਾਰੰਗੜੀ ਦਿਆਂ ਛੁੜਾ।
ਤੂੰ ਬੇਟਾ ਏਂ ਰਾਜੜੇ ਦਾ।

ਬੀਬਾ ਬਾਗ਼ ਸਦਾਨੀ ਆਂ ਕੰਜਰੀਆਂ
ਤੂੰ ਬਾਗ਼ ਤਮਾਸ਼ੜੇ ਆ
ਮੇਰੇ ਮਨ ਚਾਉ
ਤੂੰ ਬੇਟਾ ਏਂ ਰਾਜੜੇ ਦਾ।

ਬੀਬੋ ਬਾਗ਼ੀਂ ਆਂਵਦਾ ਮਾਰਿਆ ਨੀ
ਮੇਰਾ ਘੋੜਾ ਜਾਵੇਗਾ ਖੁੱਸ
ਗ਼ਰੀਬੜੇ ਭੂੰਮ ਦਾ ਨੀ।

ਬੀਬਾ ਕੰਨਾਂ ਦੀਆਂ ਵੇਚਾਂ ਵਾਲੀਆਂ
ਤੇਰਾ ਘੋੜਾ ਦਿਆਂ ਛੁੜਾ
ਮੇਰੇ ਮਨ ਚਾਅ
ਤੂੰ ਬੇਟਾ ਏਂ ਰਾਜੜੇ ਦਾ।

ਬੀਬਾ ਕੁਝ ਕੁਝ ਕਲੇਜੇ ਨੂੰ ਹੋ ਜਾਂਦਾ ਏ
ਸਾਡਾ ਸਬਰ ਗ਼ਰੀਬਾਂ ਦਾ ਪੈ ਜਾਏਗਾ
ਤੂੰ ਬੇਟਾ ਏਂ ਰਾਜੜੇ ਦਾ।

ਬੀਬਾ ਵੇ ਕਿਹੋ ਜਿਹੀਆਂ ਘਰ ਗੋਲੀਆਂ,
ਕਿਹੋ ਜਿਹੀ ਤੇਰੀ ਨਾਰ
ਹਰਾਮੀਆ ਬੀਬਾ ਵੇ।

ਬੀਬੋ ਨੀ ਤੇਰੇ ਜਹੀਆਂ ਘਰ ਗੋਲੀਆਂ
ਤੈਥੋਂ ਚੰਗੇਰੜੀ ਨਾਰ
ਹਰਾਮੜੇ ਬੀਬੜੇ ਨੀ।

ਅੰਬਾਂ ਦਾ ਬੂਰ

ਅੰਬਾਂ ਦੇ ਥੱਲੇ ਥੱਲੇ ਜਾਂਦਿਆ, ਛੈਲਾ ਹੋ।
ਅੰਬਾਂ ਦਾ ਝੜ ਗਿਆ ਬੂਰ, ਪੰਛੀਆ।

ਅੰਬ ਪੱਕੇ ਰਸ ਚੋ ਪਿਆ ਈ।
ਮੇਰਾ ਚੂਪਣ ਵਾਲਾ ਰਸੀਆ ਦੂਰ, ਪੰਛੀਆ।

ਅੰਬਾਂ ਦੇ ਥੱਲੇ ਥੱਲੇ ਜਾਂਦਿਆ, ਛੈਲਾ ਹੋ।
ਕਿਨ ਚਲਾਇਆ ਮੈਂ ਵਲ ਰੋੜ, ਪੰਛੀਆ।

ਕੋਠੇ ਦੇ ਉੱਤੇ ਖਲੋਤੜੀਏ
ਮੈਂ ਚਲਾਇਆ ਤੈਂ ਵਲ ਰੋੜ ਪੰਛੀਆ।

ਰੋੜਾਂ ਦੀ ਮਾਰੀ ਵੇ ਮੈਂ ਨਾ ਮਰਾਂ
ਬੋਲਾਂ ਦੀ ਮਾਰੀ ਚਕਨਾ ਚੂਰ ਪੰਛੀਆ।

ਕੋਠੇ ਦੇ ਉੱਤੇ ਵਾਗੀ ਕੋਠੜੀ
ਧੁਰ ਕੋਠੇ ਤੇ ਤੰਦੂਰ, ਪੰਛੀਆ।

ਗਿਣ ਗਿਣ ਲਾਵਾਂ ਰੋਟੀਆਂ ਵਾਗੀ
ਭਰ ਭਰ ਲਾਨੀ ਆਂ ਪੂਰ, ਪੰਛੀਆ।

ਸੱਸੂ ਦੇ ਜਾਏ ਵਾਗੀ ਖਾ ਗਏ
ਅੰਮਾ ਦੇ ਜਾਏ ਵਾਗੀ ਦੂਰ ਪੰਛੀਆ।

ਪਾਂਧੇ ਦੇ ਪੁੱਛਣ ਵਾਰੀ ਮੈਂ ਚੱਲੀ ਛੈਲਾ।
ਥਾਲ ਵਿੱਚ ਪਾ ਕੇ ਤੰਬੋਲ, ਪੰਛੀਆ।

ਕੱਢੀਂ ਤੇ ਪਾਂਧਿਆ ਵਾਰੀ ਪੱਤਰੀ,
ਕਦੋਂ ਤਾਂ ਆਵੇ ਢੋਲ, ਪੰਛੀਆ।

ਕੱਢਾਂ ਤੇ ਬੀਬੀ ਤੇਰੀ ਪੱਤਰੀ
ਬਾਰ੍ਹੀਂ ਤਾਂ ਵਰ੍ਹੀਏਂ ਤੇਰਾ ਢੋਲ ਪੰਛੀਆ।

ਅੱਗ ਲਾਵਾਂ ਤੇਰੀ ਪੱਤਰੀ
ਨਦੀ ਰੁੜ੍ਹਾਵਾਂ ਤੇਰੇ ਬੋਲ ਪੰਛੀਆ।

ਪਾਂਧੇ ਦੇ ਪੁੱਛਣ ਵਾਰੀ ਮੈਂ ਚੱਲੀ
ਸੱਠ ਸਹੇਲੀਆਂ ਦੇ ਨਾਲ, ਪੰਛੀਆ।

ਕੱਢੀਂ ਤੇ ਪਾਂਧਿਆ ਵਾਰੀ ਪੱਤਰੀ
ਕਦੋਂ ਤਾਂ ਆਵੇ ਮੇਰਾ ਢੋਲ ਪੰਛੀਆ।

ਕੱਢੀ ਨੀ ਬੀਬੀ ਤੇਰੀ ਪੱਤਰੀ
ਭਲਕੇ ਦੁਪਹਿਰੇ ਤੇਰੇ ਕੋਲ ਪੰਛੀਆ।

ਸੋਨੇ ਜੜਾਵਾਂ ਤੇਰੀ ਪੱਤਰੀ
ਮੋਤੀ ਜੜਾਵਾਂ ਤੇਰੇ ਬੋਲ ਪੰਛੀਆ।

ਖਿੜ ਕਲੀਏ

ਖਿੜ ਕਲੀਏ, ਖਿੜਦੀ ਕਿਉਂ ਨਈਂ ਖਿੜਨੇ ਦੀ ਰੁੱਤ ਆਈ।
ਆਸੋਂ ਵੀ ਖਿੜੀਓਂ ਪਾਸੋਂ ਵੀ ਖਿੜੀਓਂ ਵਿੱਚੋਂ ਖਿੜਦੀ ਕਿਉਂ ਨਾਹੀਂ

ਰੱਬਾ ਮੇਲ ਉਨ੍ਹਾਂ ਨੂੰ ਜਿਨ੍ਹਾਂ ਚਾਹ ਅਸਾਡੀ।
ਰੱਬਾ ਉਨ੍ਹਾਂ ਨੂੰ ਮਿਲਾ ਵੇਂਹਦੇ ਨੇ ਸਾਨੂੰ।

ਸਾਨੂੰ ਪਿਆ ਵੇ ਸਲੋਹਿਆ ਮੁੰਡਿਆ ਤੂੰ ਮੇਰਾ ਮੈਂ ਤੇਰੀ।
ਤੂੰ ਮੇਰਾ ਮੈਂ ਤੇਰੀ ਚੀਰੇ ਵਾਲਿਆ ਪਾ ਜੋਗੀ ਵਾਲੀ ਫੇਰੀ।
ਚਲੋ ਸਈਓ ਰਲ ਵੇਖਣ ਚੱਲੀਏ ਰਾਂਝੇ ਬਾਗ਼ ਲਵਾਇਆ
ਖਟੜੇ ਵੀ ਲਗੜੇ ਮਿੱਠੜੇ ਵੀ ਲਗੜੇ ਅੰਬ ਲਗਾ ਪੱਜ ਪਾਇਆ।
ਆਵੀਂ ਵੇ ਦਰਦਾਂ ਵਾਲੀ ਦਿਆ ਰਾਂਝਾ ਤੈਂ ਅੱਜ ਕਿਉਂ ਚਿਰ ਲਾਇਆ।
ਚਲੋ ਸਈਓ ਰਲ ਵੇਖਣ ਚੱਲੀਏ ਰਾਂਝੇ ਨੇ ਭੇਸ ਵਟਾਇਆ।
ਕੰਨ ਪੜਵਾ ਕੇ ਮੁੰਦਰਾਂ ਪਾਈਆਂ ਮੱਥੇ ਤਿਲਕ ਸੋਭਾਇਆ।
ਹੀਰ ਦੀ ਖ਼ਾਤਰ ਮੰਗਣ ਚੜ੍ਹਿਆ ਘਰ ਘਰ ਅਲਖ ਜਗਾਇਆ।

ਰੁਠੜਾ ਕਿਉਂ ਨੀ ਫਿਰੇ

ਇੱਕ ਮੈਂ ਮੋਹੀ ਤੇਰਿਆਂ ਕਾਲ਼ਿਆਂ ਸੋਹਣਿਆਂ ਕੇਸਾਂ ’ਤੇ।
ਦੂਜੀ ਮੈਂ ਮੋਹੀ ਤੇਰਿਆਂ ਨਿੱਤ ਦਿਆਂ ਵੇਸਾਂ ’ਤੇ
ਇਹਨੂੰ ਰਲ ਪੁੱਛੋ ਸਈਓ
ਇਹ ਰੁਠੜਾ ਕਿਉਂ ਨੀ ਫਿਰੇ।

ਇੱਕ ਮੈਂ ਮੋਹੀ ਤੇਰੀ ਕਾਲ਼ੀ ਸੋਹਣੀ ਗਾਨੀ ’ਤੇ
ਦੂਜੀ ਮੈਂ ਮੋਹੀ ਤੇਰੀ ਨਿੱਤ ਦੀ ਬਦਨਾਮੀ ’ਤੇ
ਇਹਨੂੰ ਰਲ ਪੁੱਛੋ ਸਈਉ
ਇਹ ਰੁਠੜਾ ਕਿਉਂ ਨੀ ਫਿਰੇ

ਇੱਕ ਮੈਂ ਮੋਹੀ ਤੇਰਿਆਂ ਚਿੱਟਿਆਂ ਸੋਹਣਿਆਂ ਦੰਦਾਂ ’ਤੇ।
ਦੂਜੇ ਮੈਂ ਮੋਹੀ ਤੇਰੇ ਨਿੱਤ ਦਿਆਂ ਪਖੰਡਾਂ ’ਤੇ।
ਇਹਨੂੰ ਰਲ ਪੁੱਛੋ ਸਈਉ
ਇਹ ਰੁਠੜਾ ਕਿਉਂ ਨੀ ਫਿਰੇ

ਇੱਕ ਮੈਂ ਮੋਹੀ ਤੇਰੇ ਰਾਂਗਲੇ ਸੋਟੇ ’ਤੇ
ਦੂਜੀ ਮੈਂ ਮੋਹੀ ਤੇਰੇ ਨਿੱਤ ਦੇ ਵਿਗੋਚੇ ਤੇ
ਇਹਨੂੰ ਰਲ ਪੁੱਛੋ ਸਈਉ
ਇਹ ਰੁਠੜਾ ਕਿਉਂ ਫਿਰੇ

ਹਲ ਵਾਂਹਦੇ ਚੰਗੇ

ਉੱਤੇ ਫੁਲਕਾਰੀ ਮੈਂ ਰਹਿੰਦੀ ਕੁੰਵਾਰੀ।
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ।

ਉੱਤੇ ਦੁੱਪੜ ਮਨ ਹੋ ਗਿਆ ਖੱਟਾ
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ।

ਗਲ਼ ਮੇਰੇ ਗਾਨੀ ਮੇਰੀ ਭਰੀ ਜਵਾਨੀ
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ।

ਹਲ ਵਾਂਹਦੇ ਚੰਗੇ ਤੇ ਨੌਂਕਰ ਮੰਦੇ
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ

ਰੁੱਠੜਾ ਨਾ ਜਾਈਂ

ਚੀਰਾ ਤੈਨੂੰ ਬੀਬਾ ਤੇਰਿਆਂ ਦੋਸਤਾਂ ਨੂੰ,
ਤੇਰੇ ਨਫ਼ਰਾਂ ਨੂੰ ਕਲਗ਼ੀਆਂ ਚਾਰ
ਬੀਬਾ ਰੁੱਠੜਾ ਨਾ ਜਾਈਂ।

ਰੁੱਠੜਾ ਨਾ ਜਾਈਂ ਵੇ ਦਿਲ ਦਿਆ ਜਾਨੀਆਂ।
ਦਿਲ ਦਿਆ ਵੇ ਜਾਨੀਆਂ ਵੇ ਮਨ ਦੀਆਂ ਲੈ ਜਾਈਂ।
ਮੈਂ ਹਰਦਮ ਨੌਕਰ ਤੇਰੀਆਂ।

ਬੀਬਾ ਰੁੱਠੜਾ ਨਾ ਜਾਈਂ।
ਕੰਠਾ ਤੈਨੂੰ ਬੀਬਾ ਤੇਰਿਆਂ ਦੋਸਤਾਂ ਨੂੰ
ਤੇਰੇ ਨਫ਼ਰਾਂ ਨੂੰ ਬੁਗਤੀਆਂ ਚਾਰ
ਬੀਬਾ ਰੁੱਠੜਾ ਨਾ ਜਾਈਂ।

ਚੌਂਕ ਘੜਾਇਆ

ਬੀਬਾ ਚੌਂਕ ਘੜਾਇਆ
ਘੜਾਅ ਡੱਬੇ ਪਾਇਆ
ਪਹਿਨਣ ਨਾ ਦਿੰਦੀ ਤੇਰੀ ਮਾਂ ਵੇ।

ਬੀਬਾ ਫੁੱਲ ਸੁੱਕੇ ਤੇਰੇ ਪਲੰਘਾਂ ਦੇ ਪਾਵੇ
ਮੈਂ ਸੁੱਕੀ ਆਂ ਤੇਰੇ ਹਾਵੇ।

ਗੋਰੀਏ ਫੁੱਲ ਸੁੱਕੇ ਬਾਗ਼ੀਂ ਹੋਰ ਬਥੇਰੇ
ਤੂੰ ਨਾ ਸੁੱਕੀਂ ਮੇਰੀਏ ਨਾਰੇ ।

ਬੀਬਾ ਬੰਦ ਘੜਾਏ ਘੜਾਅ ਡੱਬੇ ਪਾਏ
ਪਹਿਨਣ ਨਾ ਦੇਵੇ ਤੇਰੀ ਮਾਂ ਵੇ।

... ...

ਆਇਆ ਨਾ ਕੌਂਤ

ਰੱਤਾ ਫੁੱਲ ਗੁਲਾਬ ਦਾ ਖਿੜਿਆ ਮਾਲੀ ਦੇ ਬਾਗ਼।
ਸਾਡਾ ਤੋੜਿਆ ਨਾ ਟੁੱਟੇ ਲਿਆ ਮਾਲੀ ਨੇ ਤੋੜ।

ਹੱਥ ਵਿੱਚ ਨਹੀਂ ਮੇਉਂਦਾ 'ਆਂਦਾ ਵਿੱਚ ਝੋਲੀ ਪਾ ।
ਝੋਲੀ ਵਿੱਚ ਨਹੀਂ ਮੇਉਂਦਾ 'ਆਂਦਾ ਹਸਤ ਲਦਾ।

ਪੰਜਾਂ ਵਰ੍ਹਿਆਂ ਦਾ ਛੋਕਰਾ ਦਿੱਤਾ ਝੋਲੀ ਪਾ।
ਨਾਈਆ ਤੇਰੇ ਬੱਚੇ ਮਰਨ ਬਾਹਮਣ ਦੀ ਜੜ੍ਹ ਜਾ।

ਗਲੀ ਗਲੀ ਵਿੱਚ ਖਿਡਾਂਵਦੀ ਲੋਕੀਂ ਜਾਨਣ ਭਰਾ।
ਪਾਲ਼ ਪੋਸ ਕੇ ਵੱਡਾ ਕੀਤਾ, ਕੀਤਾ ਛੈਲ ਜਵਾਨ।

ਖੇਡਣ ਸਿੱਖਿਆਂ ਗੀਟੀਆਂ ਤੇ ਖੱਟੀ ਕਿਹਦੀ ਖਾਂ ।
ਖੱਟੀ ਖਾ ਮੇਰੇ ਬਾਪ ਦੀ ਤੈਨੂੰ ਕੀ ਪਰਵਾਹ।

ਜੇ ਸੱਸ ਮਾਰੇ ਬੋਲੀਆਂ ਫਿਰ ਕਿੱਧਰ ਨੂੰ ਜਾਂ
ਜੇ ਸੱਸ ਮਾਰੇ ਬੋਲੀਆਂ ਤੇ ਪੇਕੜੇ ਟੁਰ ਜਾ।

ਪੇਕੇ ਵੱਸਣ ਕੁਆਰੀਆਂ ਮੈਂ ਵਸਾਂ ਸ਼ਰੀਕੇ ਨਾਲ।

ਵਣਜਾਰਾ ਫਿਰਦਾ

ਗਲੀ ਗਲੀ ਵਣਜਾਰਾ ਏ ਫਿਰਦਾ
ਸਾਡੀ ਗਲੀ ਵੀ ਆ
ਵੰਗੜੀਆਂ ਤਾਂ ਲੈਨੀ ਆਂ ਚੜ੍ਹਾ।

ਸੱਸ ਗਈ ਕੱਤਣ ਨਣਾਨ ਗਈ ਤੁੰਮਣ
ਵੰਗੜੀਆਂ ਤਾਂ ਲੈਨੀ ਆਂ ਚੜ੍ਹਾ।

ਅੱਗੇ ਤੇ ਕੱਤਦੀ ਸਾਂ ਮੈਂ ਦੋ ਚਾਰ ਛੱਲੀਆਂ
ਅੱਜ ਤੇ ਮੈਂ ਕੱਤਿਆ ਈ ਪਾ।

ਭਲਾ ਮੈਨੂੰ ਤੇਰੀ ਸਹੁੰ
ਵੰਗੜੀਆਂ ਦਾ ਮੈਨੂੰ ਚਾਅ।

ਖੂਹੇ ਦੇ ਉੱਤੇ ਮੈਂ ਪਾਣੀ ਲੈਣ ਜਾਨੀ ਆਂ
ਵੰਗੜੀਆਂ ਦੇ ਚਾਅ।
ਭਲਾ ਮੈਨੂੰ ਤੇਰੀ ਸਹੁੰ
ਬਾਂਹ ਤਾਂ ਲੈਨੀ ਆਂ ਲੁਕਾ।

ਅੱਗੋਂ ਮੁੰਡਾ ਹੱਸਦਾ ਤੇ ਖੇਡਦਾ ਮਿਲਦਾ
ਭਾਬੀਆਂ ਨੇ ਦਿੱਤਾ ਈ ਸਿਖਾ।

ਲੈ ਡੰਡਾ ਮੁੰਡਾ ਦੁਆਲੇ ਨੀ ਹੋਇਆ
ਲਾਹਵਾਂ ਤੇਰਾ ਵੰਗੜੀਆਂ ਦਾ ਚਾਅ।
ਚੁਣ ਚੁਣ ਡੱਕਰੇ ਮੈਂ ਝੋਲੀ ਵਿੱਚ ਪਾਨੀ ਆਂ
ਜਾਨੀ ਆਂ ਮੈਂ ਪੇਕਿਆਂ ਦੇ ਰਾਹ।

ਲੈ ਆਟਾ ਮੁੰਡਾ ਭਾਬੀ ਵੇਹੜੇ ਜਾਂਦੜਾ
ਭਾਬੀ ਮੇਰੀਆਂ ਰੋਟੀਆਂ ਪਕਾ।

ਭਾਬੀ ਫੜ ਆਟਾ ਚੁੱਕ ਵੇਹੜੇ ਵਿੱਚ ਮਾਰਿਆ
ਜਾ ਕੇ ਤੂੰ ਰੰਨ ਨੂੰ ਲਿਆ।
ਭਲਾ ਮੈਨੂੰ ਤੇਰੀ ਸਹੁੰ
ਜਾ ਕੇ ਤੂੰ ਰੰਨ ਨੂੰ ਲਿਆ।

ਭਾਬੀ ਦੀਆਂ ਪੱਕੀਆਂ ਬਥੇਰਾ ਚਿਰ ਖਾਧੀਆਂ
ਤੇਰੀਆਂ ਦਾ ਲੱਥਾ ਨਈਉਂ ਚਾਅ।

ਅੱਗੇ ਰੱਤਾ ਡੋਲਾ
ਪਿੱਛੇ ਨੀਲਾ ਘੋੜਾ
ਮਗਰੇ ਤੇ ਆਉਂਦਾ ਈ ਭਜਾ।

ਪੰਜ ਰੁਪਏ ਮੁੰਡਾ ਮੁੱਠ ਵਿੱਚ ਦੇਂਦਾ
ਸੁੱਚੜੀਆਂ ਲਈਂ ਤੂੰ ਚੜ੍ਹਾਅ।

ਰੋੜੇ ਗੋਹੇ ਚੁਗਦੀਏ ਮੁਟਿਆਰੇ ਨੀ

ਰੋੜੇ ਗੋਹੇ ਚੁਗਦੀਏ ਮੁਟਿਆਰੇ ਨੀ
ਅੱਡੀ ਤੇਰੀ ਲੱਗਾ ਕੰਡੜਾ ਭੋਲੀਏ ਨਾਰੇ ਨੀ।

ਮੇਰੀ ਕੰਡੇ ਦੀ ਤੈਨੂੰ ਕੀ ਪਈ ਸਪਾਹੀਆ ਵੇ
ਤੂੰ ਰਾਹੇ ਰਾਹੇ ਤੁਰਿਆ ਜਾ ਭੋਲਿਆ ਰਾਹੀਆ ਵੇ ।

ਕੌਣ ਕੱਢੇ ਤੇਰਾ ਕੰਡੜਾ ਮੁਟਿਆਰੇ ਨੀ
ਕੌਣ ਸਹਵੇ ਕੰਡੜੇ ਦੀ ਪੀੜ ਭੋਲੀਏ ਨਾਰੇ ਨੀ।

ਭਾਬੋ ਕੱਢੇ ਮੇਰਾ ਕੰਡੜਾ ਸਪਾਹੀਆ ਵੇ
ਵੀਰ ਸਹਵੇ ਕੰਡੜੇ ਦੀ ਪੀੜ ਭੋਲਿਆ ਰਾਹੀਆ ਵੇ।

ਖੂਹੇ 'ਤੇ ਪਾਣੀ ਭਰੇਂਦੀਏ ਮੁਟਿਆਰੇ ਨੀ
ਘੁੱਟ ਕੁ ਪਾਣੀ ਪਿਆ ਭੋਲੀਏ ਨਾਰੇ ਨੀ।

ਆਪਣਾ ਕੱਢਿਆ ਵਾਰੀ ਨਾ ਦਿਆਂ ਸਪਾਹੀਆ ਵੇ
ਆਪੇ ਕੱਢ ਕੇ ਪੀ ਭੋਲਿਆ ਰਾਹੀਆ ਵੇ।

ਲੱਜ ਤੇਰੀ ਨੂੰ ਘੁੰਗਰੂ ਮੁਟਿਆਰੇ ਨੀ।
ਹੱਥ ਲਾਇਆਂ ਝੜ ਜਾਣ ਭੋਲੀਏ ਨਾਰੇ ਨੀ।

ਸੂਤਨੇ ਦੀ ਵੱਟ ਲੈ ਡੋਰ ਸਪਾਹੀਆ ਵੇ
ਛਿੱਤਰ ਬਣਾ ਲੈ ਡੋਲ ਭੋਲਿਆ ਰਾਹੀਆ ਵੇ।

ਪਾਣੀ ਪੀਂਦਾ ਰਹਿ ਗਿਆ ਮੁਟਿਆਰੇ ਨੀ
ਹੁਣ ਰੋਟੀ ਦੀ ਵੀ ਲੋੜ ਭੋਲੀਏ ਨਾਰੇ ਨੀ।

ਸੇਰ ਕੁ ਆਟਾ ਮੈਂ ਦਿਆਂ ਸਪਾਹੀਆ ਵੇ
ਝੀਵਰੀ ਵਿਹੜੇ ਜਾ ਭੋਲਿਆ ਰਾਹੀਆ ਵੇ ।

ਰੋਟੀ ਖਾਂਦਾ ਰਹਿ ਗਿਆ ਮੁਟਿਆਰੇ ਨੀ
ਹੁਣ ਮੰਜੀ ਦੀ ਵੀ ਲੋੜ ਭੋਲੀਏ ਨਾਰੇ ਨੀ।

ਟੁੱਟੀ ਮੰਜੀ ਤੈਨੂੰ ਮੈਂ ਦਿਆ ਸਪਾਹੀਆ ਵੇ।
ਤਕੀਏ ਜਾ ਕੇ ਸੌਂ ਭੋਲਿਆ ਰਾਹੀਆ ਵੇ।

ਦਰ ਤੇਰੇ ਤੇ ਮੈਂ ਖੜੀ ਸਪਾਹੀਆ ਵੇ
ਦਿਨ ਚੜ੍ਹਿਆ ਉੱਠ ਜਾਗ ਮੇਰਿਆ ਮਾਹੀਆ ਵੇ।

ਚੂਰੀ ਦਾ ਛੰਨਾ ਤੈਨੂੰ ਮੈਂ ਦਿਆਂ ਸਪਾਹੀਆ ਵੇ
ਚੌਂਕੇ ਬਹਿ ਕੇ ਖਾ ਮੇਰਿਆ ਮਾਹੀਆ ਵੇ।

ਚੂਰੀ ਦਾ ਛੰਨਾ ਤੇਰਾ ਨਾ ਲਵਾਂ ਮੁਟਿਆਰੇ ਨੀ
ਝੀਵਰੀ ਕਰ ਲੈ ਯਾਦ ਪਤਲੀਏ ਨਾਰੇ ਨੀ।

ਦੁੱਧ ਦਾ ਛੰਨਾ ਤੈਨੂੰ ਮੈਂ ਦਿਆਂ ਸਪਾਹੀਆ ਵੇ
ਪਲੰਘੇ ਚੜ੍ਹ ਕੇ ਪੀ ਵੇ ਮੇਰਿਆ ਮਾਹੀਆ ਵੇ ।

ਦੁੱਧ ਦਾ ਛੰਨਾ ਮੈਂ ਨਾ ਲਵਾਂ ਮੁਟਿਆਰੇ ਨੀ
ਛਿੱਤਰ ਕਰ ਲੈ ਯਾਦ ਬਾਂਕੀਏ ਨਾਰੇ ਨੀ।

ਰੱਤਾ ਪਲੰਘ ਤੈਨੂੰ ਮੈਂ ਦਿਆਂ ਸਪਾਹੀਆ ਵੇ
ਚੜ੍ਹ ਚੁਬਾਰੇ ਸੌਂ ਮੇਰਿਆ ਮਾਹੀਆ ਵੇ।

ਰੱਤੇ ਪਲੰਘ 'ਤੇ ਨਾ ਸੌਂਵਾਂ ਮੁਟਿਆਰੇ ਨੀ
ਤਕੀਆ ਕਰ ਲੈ ਯਾਦ ਪਤਲੀਏ ਨਾਰੇ ਨੀ।

ਮੋੜ ਘੋੜਾ ਛਾਵੇਂ ਬਹਿ ਜਾਈਂ

ਵਿਹੜੇ ਤੇ ਮੇਰੇ ਹਰੀ ਫੁਲਾਹੀ
ਵੇ ਬੀਬਾ ਮੋੜ ਘੋੜਾ ਛਾਵੇਂ ਬਹਿ ਜਾਈਂ।

ਛਾਵੇਂ ਵੀ ਬਹਿ ਗਿਆ ਦੋ ਗੱਲਾਂ ਵੀ ਕਰ ਗਿਆ ਨੀ।
ਭੈਣਾਂ ਉਹੋ ਮਾਹੀ ਰੇਲੇ ਚੜ੍ਹ ਗਿਆ ਨੀ।

ਮੂੰਹ ਦਿਆ ਮਿੱਠਿਆ ਦਿਲ ਦਿਆ ਧੋਖਿਆ
ਤੇਰੇ ਡੇਰੇ ਬੰਦੀ ਹੋਰ ਹੈ ਵੇ ।

ਹੋਰ ਹੋਵੇ ਸਾਡੀ ਜਾਣੇਗੀ ਜੁੱਤੀ
ਮੈਂ ਹੀ ਵੇ ਹਾਰੀ ਤੁਸੀਂ ਜਿੱਤਿਉ ਜੇ ।

ਵਿਹੜੇ ਤੇ ਮੇਰੇ ਗਊਆਂ ਦਾ ਜੋੜਾ ।
ਬੀਬਾ ਵੇ ਮੋੜ ਘੋੜਾ ਦੁੱਧ ਪੀ ਜਾਈਂ।

ਦੁੱਧ ਵੀ ਪੀ ਗਿਆ ਦੋ ਗੱਲਾਂ ਵੀ ਕਰ ਗਿਆ ਨੀ
ਉਹੋ ਮਾਹੀ ਰੇਲੇ ਚੜ੍ਹ ਗਿਆ ਨੀ।

ਵਿਹੜੇ ਤਾਂ ਮੇਰੇ ਅੰਬਾਂ ਦਾ ਬੂਟਾ
ਵੇ ਬੀਬਾ ਮੋੜ ਘੋੜਾ ਅੰਬ ਖਾ ਜਾਈਂ।

ਅੰਬ ਵੀ ਖਾ ਗਿਆ ਦੋ ਗੱਲਾਂ ਵੀ ਕਰ ਗਿਆ ਨੀ
ਉਹੋ ਮਾਹੀ ਰੇਲੇ ਚੜ੍ਹ ਗਿਆ ਨੀ।

ਮੂੰਹ ਦਿਆ ਮਿੱਠਿਆ ਦਿਲ ਦਿਆ ਖੋਟਿਆ।
ਤੇਰੇ ਡੇਰੇ ਬੰਦੀ ਹੋਰ ਹੈ ਵੇ।

ਹੋਰ ਹੋਵੇ ਸਾਡੀ ਜਾਣੇਗੀ ਜੁੱਤੀ
ਮੈਂ ਹੀ ਵੇ ਹਾਰੀ ਤੁਸੀਂ ਜਿੱਤਿਉ ਜੇ ।

ਮੈਨੂੰ ਸੁਫ਼ਨਾ ਆਇਆ

ਸਾਵਣ ਮਾਹ ਦੀਆਂ ਪੈਣ ਫ਼ੁਆਰਾਂ
ਸੁੱਤੀ ਗੋਡੜੇ ਗਲ਼ ਲਾਏ।
ਜਾਨੀ ਅੰਤ ਪਿਆਰਿਆ।

ਸੁੱਤੀ ਸੁੱਤੀ ਨੂੰ ਮੈਨੂੰ ਸੁਫ਼ਨਾ ਆਇਆ
ਬੈਠੜੀ ਰਹੀ ਵੇਖ ਜਾਨੀ ਖੜ੍ਹਾ ਤਿਹਾਇਆ।

ਸੁੱਤੀ ਸੁੱਤੀ ਨੂੰ ਬੀਬਾ ਵੇ ਮੈਨੂੰ ਸੁਫਨਾ ਆਇਆ
ਬੈਠੜੀ ਅਣਭੋਲ ਗੋਰੀ ਸੀਸ ਗੁੰਦਾਇਆ।

ਕੱਤਦੀ ਕੱਤਦੀ ਭੈਣਾਂ ਨੀ ਮੇਰੀ ਚੂੰਡੀ ਹੱਲੀ
ਭੈਣਾਂ ਮੈਨੂੰ ਦਿਉ ਵਧਾਈਆਂ ਜਾਨੀ ਦਿੱਲੀ ਮੱਲੀ।

ਕੱਤਦੀ ਕੱਤਦੀ ਭੈਣਾਂ ਨੀ ਮੇਰੀ ਚੂੰਡੀ ਛੁੱਟੀ
ਭੈਣਾਂ ਮੈਨੂੰ ਦਿਉ ਵਧਾਈਆਂ ਰਾਂਝੇ ਦਿੱਲੀ ਲੁੱਟੀ।

ਕੱਤਦਿਆਂ ਕੱਤਦਿਆਂ ਭੈਣੋਂ ਮੇਰੀ ਵੇਸਰ ਲਟਕੇ
ਭੈਣਾਂ ਮੈਨੂੰ ਦਿਉ ਵਧਾਈਆਂ ਰਾਂਝਾ ਆਇਆ ਅਟਕੇ।

ਕੱਤਦਿਆਂ ਕੱਤਦਿਆਂ ਭੈਣੋਂ ਮੇਰਾ ਮੂੜਾ ਫਿਰਿਆ
ਮੈਨੂੰ ਦਿਉ ਵਧਾਈਆਂ ਰਾਂਝਾ ਅਟਕੋਂ ਤੁਰਿਆ।

ਕੱਤਦਿਆਂ ਕਤਦਿਆਂ ਭੈਣੋ ਮੇਰੀ ਮਾਹਲ ਗਰੜਾਵੇ
ਭੈਣਾਂ ਮੈਨੂੰ ਦਿਉ ਵਧਾਈਆਂ ਰਾਂਝਾ ਖੱਟ ਘਰ ਆਵੇ।

ਆਉਂਦਿਆਂ-ਆਉਂਦਿਆਂ ਚੜ੍ਹ ਗਿਆ ਚੁਬਾਰੇ
ਸੁੱਖ ਨਹੀਂ ਪੁੱਛੀ ਬੇਦਰਦ ਢੋਲੇ ਹੈਂਸਿਆਰੇ।

ਆਉਂਦਾ ਆਉਂਦਾ ਭੈਣਾਂ ਚੜ੍ਹ ਗਿਆ ਸਬਾਤੀਂ
ਸੁੱਖ ਨਾ ਪੁੱਛੀ ਬੇਦਰਦ ਢੋਲੇ ਦਿਲ ਦੀਆਂ ਬਾਤੀਂ

ਕੁੱਟ-ਕੁੱਟ ਚੂਰੀਆਂ ਮੈਂ ਪਾਉਨੀ ਆਂ ਛੰਨੇ
ਅਰਜ਼ਾਂ ਕਰ ਰਹੀਆਂ ਢੋਲ ਇੱਕ ਨਾ ਮੰਨੇ।

ਕੁੱਟ ਕੁੱਟ ਚੂਰੀਆਂ ਮੈਂ ਪਾਉਨੀ ਆਂ ਕਾਵਾਂ
ਸੁੱਖ ਨਾ ਪੁੱਛੀ ਵੇ ਢੋਲਾ ਤੇਰੇ ਭੈਣ ਭਰਾਵਾਂ।

ਕੁੱਟ ਕੁੱਟ ਚੂਰੀਆਂ ਮੈਂ ਪਾਉਨੀ ਆਂ ਥਾਲ
ਅਰਜ਼ਾਂ ਮਨ ਲਈਆਂ ਢੋਲੇ ਮੈਂ ਹੋ ਗਈ ਨਿਹਾਲ।

ਸਾਵਨ ਮਾਹ ਦੀਆਂ ਪੈਣ ਫ਼ੁਹਾਰਾਂ
ਸੁੱਤੀ ਗੋਡੜੇ ਗਲ਼ ਲਾਏ
ਜਾਨੀ ਅੰਤ ਪਿਆਰਾ।

ਬੇਸਮਝਾ ਬੇਦਰਦਾ

ਜੇ ਜਾਣਾ ਤੂੰ ਨੌਕਰ ਰਾਜੇ ਦਾ
ਮੈਂ ਪਿਓ ਘਰ ਰਹਾਂ ਵੇ ਕੁਆਰੀ
ਵੇ ਬੇਸਮਝਾ
ਬੇਦਰਦਾ।

ਚੰਦ ਬੀਬਾ ਸਾਡੇ ਮਾਪਿਆਂ ਨੇ ਦਿੱਤੜੇ
ਤੂੰ ਟਿੱਕਾ ਘੜਾ ਮੀਨਾਕਾਰੀ
ਵੇ ਬੇਸਮਝਾ
ਵੇ ਬੇਦਰਦਾ।
ਮੈਂ ਪਿਉ ਘਰ ਰਹਾਂ ਵੇ ਕੁਆਰੀ।

ਠੂਠੀ ਬੀਬਾ ਸਾਡੇ ਮਾਪਿਆਂ ਦਿੱਤੜੀ
ਤੂੰ ਫੁੱਲ ਘੜਾ ਮੀਨਾਕਾਰੀ
ਵੇ ਬੇਸਮਝਾ
ਬੇਦਰਦਾ।
ਮੈਂ ਪਿਉ ਘਰ ਰਹਾਂ ਵੇ ਕੁਆਰੀ।

ਜੇ ਜਾਣਾ ਤੂੰ ਨੌਕਰ ਰਾਜੇ ਦਾ
ਮੈਂ ਪਿਉ ਘਰ ਰਹਾਂ ਕੁਆਰੀ
ਵੇ ਬੇਸਮਝਾ
ਬੇਦਰਦਾ।

ਜਾਨੀ ਨਜ਼ਰ ਨਾ ਆਵੇ

ਚੰਦ ਘੜਾ ਕੇ ਮੈਂ ਚੜ੍ਹੀ ਆਂ ਚੁਬਾਰੇ
ਵੇਖਾਂ ਚੌਂ ਕੂਟੀ ਜਾਨੀ ਨਜ਼ਰ ਨਾ ਆਵੇ ।

ਸਾਡਾ ਸਬਰ ਫ਼ਰੰਗੀ ਨੂੰ ਮਾਰੇ
ਨਾ ਦੇਂਦਾ ਛੁੱਟੀਆਂ ਨਾ ਤਲਬਾਂ ਤਾਰੇ।

ਨੌਕਰ ਰੱਖ ਲੈ ਤੂੰ ਛੜੇ ਤੇ ਕੁਆਰੇ
ਨਾ ਹੋਣ ਰੰਨਾਂ ਨਾ ਪੈਣ ਪਵਾੜੇ।

ਠੂਠੀ ਘੜਾ ਕੇ ਮੈਂ ਚੜ੍ਹੀ ਵੇ ਚੁਬਾਰੇ
ਵੇਖਾਂ ਚੌਂ ਕੂਟੀ ਜਾਨੀ ਨਜ਼ਰ ਨਾ ਆਵੇ।
... ...
ਟਿੱਕਾ ਘੜਾ ਕੇ ਮੈਂ ਚੜ੍ਹੀ ਵੇ ਚੁਬਾਰੇ
ਵੇਖਾਂ ਚੌਂ ਕੂਟੀ ਜਾਨੀ ਨਜ਼ਰ ਨਾ ਆਵੇ।
... ...

ਇੱਥੇ ਵੱਸੇਗਾ ਕਿਹੜਾ

ਕਾਹਨੂੰ ਪਵਾਈਆਂ ਨੀ ਬੈਠਕਾਂ ਵੇ ਕਾਹਨੂੰ ਰੱਖਿਆ ਈ ਵਿਹੜਾਈ ?
ਤੂੰ ਤੁਰ ਚੱਲਿਉਂ ਨੌਕਰੀ ਵੇ ਏਥੇ ਵੱਸੇਗਾ ਕਿਹੜਾ ?
ਵਸਣੇ ਨੂੰ ਪਾਈਆਂ ਬੈਠਕਾਂ ਗੋਰੀਏ ਤੇਰੇ ਕੱਤਣੇ ਨੂੰ ਵਿਹੜਾ।
ਮੈਂ ਤੁਰ ਚੱਲਿਆਂ ਨੌਕਰੀ ਗੋਰੀਏ ਵੀਰ ਵੱਸੇਗਾ ਮੇਰਾ।
ਵੀਰ ਤੇ ਤੇਰਾ ਨੌਕਰਾ ਵੇ ਕੀ ਲਗਦਾ ਈ ਮੇਰਾ।
ਬਾਹਰ ਤੇ ਕੱਢੂਗਾ ਟਬਰ ਨੂੰ ਵੇ ਗਲ ਘੁੱਟੂਗਾ ਮੇਰਾ।
ਬੂਹੇ 'ਤੇ ਮਾਰਾਂਗੀ ਜੰਦਰੇ ਵੇ ਪੇਕੇ ਲਾਵਾਂਗੀ ਡੇਰਾ।
ਵੀਰਾਂ ਦਾ ਢੋਵਾਂਗੀ ਭੱਤੜਾ ਮੈਨੂੰ ਰਿਜ਼ਕ ਬਥੇਰਾ।
ਭਾਬੀਆਂ ਦਾ ਕੱਢੂੰ ਕਸੀਦੜਾ ਵੇ ਮੇਰਾ ਕਦਰ ਵਧੇਰਾ।
ਬੈਠਾਂਗੀ ਵਿੱਚ ਸਹੇਲੀਆਂ ਦੇ ਚੇਤਾ ਭੁੱਲ ਜਾਵੇਗਾ ਤੇਰਾ।
ਪੇਕੇ ਵਸਣ ਕੁਆਰੀਆਂ ਨੀ ਪੇਕੇ ਕੰਮ ਕੀ ਤੇਰਾ ।
ਬੈਠੀ ਤੂੰ ਵਿੱਚ ਸ਼ਰੀਕੇ ਨੀ ਚੇਤਾ ਆ ਜਾਊਗਾ ਮੇਰਾ।

ਵੇ ਘਰ ਲੂਣ ਹੈ ਨਹੀਂ

ਵੇ ਘਰ ਲੂਣ ਹੈ ਨਹੀਂ ਵੇ ਵਸਾਰ ਹੈ ਨਈਂ
ਜੰਮੂ ਜਾਣ ਦੀ ਬੀਬਾ ਵੇ ਬਹਾਰ ਹੈ ਨਈਂ।

ਨੀ ਘਰ ਲੂਣ ਹੈਗਾ ਨੀ ਵਸਾਰ ਹੈਗਾ
ਜੰਮੂ ਜਾਣ ਦੀ ਗੋਰੀਏ ਬਹਾਰ ਹੈਗੀ।

ਜੇ ਤੂੰ ਤੁਰ ਚੱਲਿਉਂ ਨੌਕਰੀ ਬੀਬਾ
ਵੇ ਆਪਣੀ ਮਾਂ ਨੂੰ ਸਮਝਾ ਜਾਈਂ

ਲਗਦੀ ਮਾਂ ਮੇਰੀ ਲੱਗੇ ਸਸ ਤੇਰੀ
ਪੀੜ੍ਹੀ ਮੰਗੇ ਨਾਜੋ ਮੰਜੀ ਡਾਹ ਦੇਈਂ।

ਮਾਂ ਸਾਡੀ ਸਮਝੀ ਹੋਈ ਨੀ ਸਮਝਾਈ ਹੋਈ
ਮਾਂ ਸਾਡੀ ਨੂੰ ਬੋਲ ਮੰਦਾ ਨਈਂ ਬੋਲਣਾ।

ਇਹ ਗੱਲ ਹੋਣੀ ਨਈਂ ਬੋਲੀ ਸਹਿਣੀ ਨਹੀਓਂ
ਵਰਜੀ ਜ਼ਬਾਨ ਬੰਦੀ ਦੀ ਵੇ ਰਹਿਣੀ ਨਹੀਓਂ।

ਝੁੱਲ ਝੁੱਲ ਬਰੋਟਿਆ

ਝੁੱਲ ਝੁੱਲ ਬਰੋਟਿਆ ਵੇ ਸਾਡੇ ਸੱਜਣਾਂ ਲਾਇਆ
ਤੂੰ ਜੀਓ ਮੇਰੇ ਜਾਨੀ ਜਿਨ ਇਹ ਬੂਟਾ ਲਾਇਆ।

ਕੀਕਰ ਝੁੱਲਾਂ ਗੋਰੀਏ ਨੀ ਪਾਣੀ ਬਾਝ ਤਿਹਾਇਆ
ਤੂੰ ਜੀਓ ਮੇਰੇ...
ਨੈਣਾਂ ਦੇ ਹਰਟ ਸ਼ਿੰਗਾਰ ਕੇ ਬੂਟੇ ਪਾਣੀ ਪੁਆਵਾਂ
ਤੂੰ ਜੀਓ ਮੇਰੇ...

ਸੱਦ ਕੇ ਚੂਹੜੇ ਦਾ ਬੇਟੜਾ ਨੀ ਬੂਟੇ ਵਾੜ ਕਰਾਵਾਂ
ਤੂੰ ਜੀਉ...
ਜਾਂ ਬੂਟੇ ਪਾਣੀ ਪਾਇਆ ਨੀ ਬੂਟਾ ਨਿੱਤਰ ਆਇਆ
ਤੂੰ ਜੀਓ ਮੇਰੇ...

ਸੱਦ ਤਰਖਾਣ ਦਾ ਬੇਟੜਾ ਨੀ ਮੈਂ ਰੁੱਖ ਚਿਰਾਵਾਂ
ਤੂੰ ਜੀਓ ਮੇਰੇ ਜਾਨੀ, ਜਿਨ ਇਹ ਬੂਟੜਾ ਲਾਇਆ।
ਤੂੰ ਜੀਓ ਮੇਰੇ...

ਚਾਰੇ ਚਿਰਾਵਸੀ ਚੌਂਕੀਆਂ ਨੀ ਪੰਜਵਾਂ ਪਲੰਗ ਚਿਰਾਇਆ
ਤੂੰ ਜੀਓ ਮੇਰੇ...
ਨਰਮੇ ਦਾ ਸੂਤ ਕਤਾਇਕੇ ਨੀ ਗੋਰੀ ਪਲੰਗ ਉਣਾਇਆ
ਤੂੰ ਜੀਓ ਮੇਰੇ...

ਲੌਂਗਾਂ ਦੀ ਮੁੰਜ ਕਟਾ ਕੇ ਨੀ ਗੋਰੀ ਪੈਂਦ ਪਵਾਈ
ਤੂੰ ਜੀਓ ਮੇਰੇ...
ਚੌਂਕੇ ਡਹਾਈਆਂ ਚੌਂਕੀਆਂ ਮਾੜੀ ਪਲੰਗ ਡਹਾਇਆ।
ਸੁੱਤੀ ਸਾਂ ਚਾਦਰ ਤਾਣ ਕੇ ਨੀ ਮਾਹੀ ਆਣ ਜਗਾਇਆ
ਤੂੰ ਜਿਓ ਮੇਰੇ...

ਨਾ ਛੇੜ ਨਾ ਛੇੜ ਜਾਨੀਆਂ ਵੇ ਸਾਨੂੰ ਨੀਂਦ ਪਿਆਰੀ
ਤੂੰ ਜੀਓ ਮੇਰੇ ਜਾਨੀ ਜਿਨ ਇਹ ਬੂਟਾ ਲਾਇਆ।

ਤੈਨੂੰ ਤਾਂ ਨੀਂਦ ਪਿਆਰੜੀ ਨੀ ਸਾਨੂੰ ਸੇਜ ਪਿਆਰੀ
ਤੂੰ ਜੀਓ ਮੇਰੇ ...
ਜਾਵਾਂਗੇ ਜੰਮੂ ਦੀ ਨੌਕਰੀ ਨੀ ਪਿੱਛੋਂ ਸੌਵੀਂ ਸੁਖਾਲੀ
ਤੂੰ ਜੀਓ ਮੇਰੇ ...

ਜੇ ਤੂੰ ਜਾਣਾ ਜੰਮੂ ਨੌਕਰੀ ਜੀ ਸਾਨੂੰ ਦੇ ਜਾਉ ਇਹੋ ਨਿਸ਼ਾਨੀ
ਤੂੰ ਜੀਓ ਮੇਰੇ ...
ਇਹੋ ਨਿਸ਼ਾਨੀ ਸਾਡੜੀ ਨੀ ਗੋਦੀ ਬਾਲ ਚੰਡੋਲਾ
ਤੂੰ ਜੀਓ ਮੇਰੇ ...
ਇਹ ਨਿਸ਼ਾਨੀ ਰੱਬ ਦੀ ਵੇ ਛੱਲਾ ਛਾਪ ਨਿਸ਼ਾਨੀ

ਕਦੋਂ ਮਤ ਸੰਭਲੇਂਗਾ

ਚੂੜਾ ਘੜਾ ਕੇ ਦੇ ਗਿਆ ਨੀ ਪੁੱਤ ਸਹੁਰੇ ਦਾ
ਬੰਦਾਂ ਦੀ ਦੇ ਗਿਆ ਸਾਈ
ਮੈਂ ਤੇਰੇ ਲੜ ਲਾਈ
ਕਦੋਂ ਮਤ ਸੰਭਲੇਂਗਾ
ਮਤ ਸਮਝ ਬੇਗਾਨਿਆ ਪੁੱਤਾਂ
ਸਿੱਕੇ ਵਾਂਗੂੰ ਢਲ ਜਾਏਂਗਾ
ਬੀਬਾ ਵੇ ਸਾਡਾ ਤਿਲਕਿਆ ਪੈਰ ਜਹਾਜ਼ੋਂ
ਕਦੋਂ ਮਤ ਸੰਭਲੇਂਗਾ
ਚੌਂਕ ਘੜਾ ਕੇ ਦੇ ਗਿਆ ਨੀ ਪੁੱਤ ਸਹੁਰੇ ਦਾ
ਫੁੱਲਾਂ ਦੀ ਦੇ ਗਿਆ ਸਾਈ...

ਸਾਵਣ ਪੰਧ ਨਾ ਪਈਏ

ਮੈਂ ਤੈਨੂੰ ਆਂਹਦੀ ਮੇਰੇ ਅੰਤ ਪਿਆਰਿਆ
ਸਾਵਣ ਪੰਧ ਨਾ ਪਈਏ ਵੇ।
ਸਾਵਣ ਮਾਹ ਦੀਆਂ ਪੈਣ ਫ਼ੁਹਾਰਾਂ
ਬੱਦਲ ਰਿਮਝਿਮ ਲਾਈ।

ਘੋੜਾ ਵੀ ਭਿੱਜ ਗਿਆ
ਤੇਰੀ ਕਾਠੀ ਵੀ ਭਿੱਜ ਗਈ
ਹੋਰ ਭਿੱਜੀ ਮੇਰੇ ਪਤਲੇ ਦੀ ਖ਼ੂੰਡੀ

ਚੀਰਾ ਵੀ ਭਿੱਜ ਗਿਆ
ਤੇਰੀ ਕਲ਼ਗੀ ਵੀ ਭਿੱਜ ਗਈ
ਹੋਰ ਭਿੱਜੀ ਮੇਰੇ ਪਤਲੇ ਦੀ ਖ਼ੂੰਡੀ।

ਪਟਵਾਰੀ ਮੁੰਡਿਆ

ਘੋੜਾ ਤੈਨੂੰ ਸਰਕਾਰੋਂ ਮਿਲਦਾ ਕਾਠੀ ਦਾ ਰੁੱਸਿਆ ਨਾ ਜਾਈਂ।
ਵੇ ਪਟਵਾਰੀ ਮੁੰਡਿਆ ਬਾਲ ਵਿਛੋੜਾ ਨਾ ਪਾਈਂ।

ਘੋੜਾ ਤੇਰਾ ਸੋਹਣਾ ਤੇਰੀ ਕਾਠੀ ਨੂੰ ਆਸ਼ਕ ਪਏ ਤੱਕਦੇ
ਤੱਕਦੇ ਮਾਏ ਭੋਲੀਏ ਨੀ ਸਾਨੂੰ ਰਹਿਤ ਮਲੂਕਾਂ ਦੀ ਪਏ ਦੱਸਦੇ।
ਖ਼ੂਨੀ ਨੈਣ ਨੈਣਾਂ ਵਿੱਚ ਜੀ ਵੱਸਦੇ

ਕੰਠਾ ਤੈਨੂੰ ਸਰਕਾਰੋਂ ਮਿਲਦਾ
ਬੁਗਤੀ ਦਾ ਰੁੱਸਿਆ ਨਾ ਜਾਈਂ...

ਚੀਰਾ ਤੈਨੂੰ ਸਰਕਾਰੋਂ ਮਿਲਦਾ
ਕਲਗ਼ੀ ਦਾ ਰੁੱਸਿਆ ਨਾ ਜਾਈਂ...

ਤੂੰ ਕਿਹੜੇ ਦੁੱਖੋਂ ਕਾਲਾ ਹੋਇਓਂ

ਭੌਰਾ ਵੇ ਸੁਣ ਮੇਰਿਆ
ਤੂੰ ਕਿਹੜੇ ਦੁੱਖੋਂ ਕਾਲ਼ਾ ਹੋਇਓਂ।
ਨੀ ਮੈਂ ਕਾਲ਼ਾ ਨੀ ਗੋਰੀਏ ਨੀ
ਮੈਂ ਤੇਰੇ ਦੁੱਖੋਂ ਕਾਲ਼ਾ ਹੋਇਆ

ਜੇ ਤੂੰ ਮੇਰੇ ਦੁੱਖੋਂ
ਕਾਲ਼ਾ ਹੋਇਆ ਭੌਰਾ ਮੇਰਿਆ
ਮੈਂ ਪੇਕੇ ਟੁਰ ਜਾਵਾਂ।

ਜੇ ਤੂੰ ਪੇਕੜੇ ਟੁਰ ਜਾਵੇਂ
ਜਿੰਦੇ ਮੇਰੀਏ
ਮੈਂ ਰਸਤਾ ਮੱਲ ਖਲੋਵਾਂ ਜਿੰਦੇ।

ਜੇ ਤੂੰ ਰਸਤਾ ਮੱਲ ਖਲੋਵੇਂ
ਭੌਰਾ ਮੇਰਿਆ
ਮੈਂ ਟੱਪ ਦਰਿਆ ਨੂੰ ਜਾਵਾਂ।

ਮੈਂ ਮਛਲੀ ਬਣ ਲੰਘ ਜਾਵਾਂ ਜਿੰਦੇ
ਤੂੰ ਬਹਿਜਾ ਬਹਿਜਾ ਨਾਜੋ ਨੀ ਗੋਰੀਏ
ਮੈਂ ਤੇਰੇ ਦੁੱਖੋਂ ਕਾਲ਼ਾ ਹੋਇਆ।

ਕਦੇ ਚੰਦ ਤੇ ਬੰਦ ਮਨਾਂ ਪਹਿਨਦਾ ਸੈਂ

ਕਦੇ ਚੰਦ ਤੇ ਬੰਦ ਮਨਾਂ ਪਹਿਨਦਾ ਸੈਂ
ਹੁਣ ਤਰਸ ਰਹੀਓਂ ਰੋਟੀ ਖਾਵਣੇ ਨੂੰ।

ਚੱਲ ਜੀਆ ਵੇ ਕੁਝ ਖਾ ਮਰੀਏ
ਜਿੱਥੇ ਚਾਰਾ ਨਾ ਚੱਲੇ ਵੇ ਸਿਆਣਿਆਂ ਦਾ।

ਕਦੀ ਬੈਠ ਦਹਿਲੀਜ਼ੇ ਗੱਲਾਂ ਕੀਤੀਆਂ ਸਨ
ਹੁਣ ਤਰਸ ਰਹੀਓਂ ਮੁੱਖ ਵੇਖਣੇ ਨੂੰ।

ਚੱਲ ਜੀਆ ਵੇ ਕਿਤੇ ਡੁੱਬ ਮਰੀਏ
ਜਿੱਥੇ ਵੰਞ ਨਾ ਅੱਪੜੇ ਮਹਾਣਿਆਂ ਦਾ।

ਨੀਵਾਂ ਨੀਵਾਂ ਕੋਠਾ ਉੱਤੇ ਛੱਤ ਹੈ ਨਈਂ
ਜਿੱਥੇ ਸਹੁਰਾ ਵੱਸੇ ਉਥੇ ਸੱਸ ਹੈ ਨਈਂ।

ਨੀਵਾਂ ਨੀਵਾਂ ਕੋਠਾ ਵੇ ਸ਼ਹਿਤੀਰ ਹੈ ਨਈਂ
ਜਿੱਥੇ ਰਾਂਝਾ ਵੱਸੇ ਉੱਥੇ ਹੀਰ ਹੈ ਨਈਂ।

ਚੱਲ ਚੱਲ ਜੀਆ ਗਲ਼ ਘੁੱਟ ਲਈਏ
ਡੇਰੇ ਚੁੱਕ ਲਈਏ ਕਿੱਲੇ ਪੁੱਟ ਲਈਏ।

ਪਰਦੇਸੀ ਜੋਗੀ

ਬੀਬੀ ਅੰਬਾਂ ਤੇ ਤੂਤਾਂ ਦੀ ਠੰਡੜੀ ਛਾਂ
ਕੋਈ ਤੇ ਪਰਦੇਸੀ ਜੋਗੀ ਆ ਲੱਥਾ ਈ।

ਚੱਲ ਨੀ ਨਣਦੇ ਬੀਬੀ ਬਾਹਰ ਦੇ ਪੱਜ
ਬਾਹਰ ਦੇ ਪੱਜ ਜੋਗੀ ਦੇਖ ਆਈਏ।

ਨੀਵੇਂ ਤੇ ਬਹਿ ਜਾ ਬੀਬੀ ਬਾਹਰ
ਉੱਚੇ 'ਤੇ ਚੜ੍ਹ ਕੇ ਜੋਗੀ ਮੈਂ ਦੇਖਾਂ ਨੀ।

ਚੱਲ ਨੀ ਭਾਬੋ ਸੱਸ ਵਾਜਾਂ ਨੀ ਮਾਰੇ
ਮੁੜ ਜਾ ਨੀ ਭਾਬੋ ਘਰ ਆਪਣੇ ਨੀ।

ਸੱਸ ਨੂੰ ਨੋਹਾਂ ਬਥੇਰੀਆਂ
ਮੈਂ ਮਨ ਭਾਇਆ ਰਾਵਲ ਜੋਗੀੜਾ ਨੀ।

ਚੱਲ ਨੀ ਭਾਬੋ ਘਰ ਆ
ਵੀਰਾ ਉਡੀਕੇ ਨਾਰੇ ਘਰ ਆ ਨੀ।

ਤੇਰੇ ਵੀਰੇ ਨੂੰ ਨਾਰਾਂ ਬਥੇਰੀਆਂ
ਮੈਂ ਮਨ ਭਾਇਆ ਰਾਵਲ ਜੋਗੀੜਾ ਨੀ।

ਚੱਲ ਵੇ ਜੋਗੀ ਕਿਸੇ ਦੇਸ
ਡੰਡਾ ਤੇ ਕੂੰਡਾ ਤੇਰਾ ਮੈਂ ਚੁੱਕਾਂ ਵੇ।

ਜੋਗੀ ਦੇ ਗੂੜ੍ਹੇ ਗੂੜ੍ਹੇ ਨੈਣ
ਸੁਰਮ ਸਲਾਈਆਂ ਜੋਗੀ ਪਾਂਵਦਾ ਈ।

ਜੋਗੀ ਦੇ ਲੰਮੇ ਲੰਮੇ ਕੇਸ
ਦਹੀਆਂ ਕਟੋਰੇ ਜੋਗੀ ਨਹਾਂਵਦਾ ਈ।

ਸ਼ਿਮਲੇ ਦੀ ਔਖੀ ਘਾਟੀ

ਸ਼ਿਮਲੇ ਦੀ ਔਖੀ ਘਾਟੀ
ਸ਼ਿਮਲੇ ਦਾ ਬਿਖੜਾ ਪੈਂਡਾ।
ਘੰਮ-ਘੰਮ ਚੜ੍ਹੀਂ ਪਹਾੜੀਂ
ਛਾਤੀ ਦਾ ਨਰਮ ਮਾਹੀ।

ਸੀਨੇ ਦਾ ਪਤਲਾ ਮਾਹੀ
ਕੀਕਰ ਘੰਮ-ਘੰਮ ਚੜ੍ਹਦਾ ਪਹਾੜੀਂ।

ਆਪਣੇ ਮਾਹੀ ਲਈ ਮੈਂ ਕੰਠਾ ਘੜਾਨੀ ਆਂ।
ਕੰਠੇ ਦੇ ਨਾਲ ਸਜ ਰਹਿਆ।
ਛਾਤੀ ਦਾ ਪਤਲਾ ਮਾਹੀ
ਕੀਕਰ ਘੰਮ-ਘੰਮ ਚੜ੍ਹਦਾ ਪਹਾੜੀਂ।

ਆਪਣੇ ਮਾਹੀ ਨੂੰ ਮੈਂ ਵਾਲੇ ਬਣਾਨੀ ਆਂ
ਵਾਲੇ ਦੇ ਨਾਲ ਸਜ ਰਹਿਆ

ਸੀਨੇ ਦਾ ਪਤਲਾ ਮਾਹੀ
ਛਾਤੀ ਦਾ ਨਰਮ ਮਾਹੀ
ਕੀਕਰ ਘੰਮ-ਘੰਮ ਚੜ੍ਹਦਾ ਪਹਾੜੀਂ।

ਢੋਲਾ ਤੇਰੀ ਕਿਨ ਮੱਤ ਮਾਰੀ

ਚੰਦ ਘੜਨੇ ਦਿੱਤੇ ਚੌਂਕ ਸਿੱਟਾਂ ਵੇ ਪੁਹਾਰੇ।
ਤੇਰੇ ਬਦਲੇ ਬੀਬਾ ਮਾਪੇ ਮਨੋਂ ਵੇ ਵਸਾਰੇ।

ਪੇਕੇ ਜਾ ਗੋਰੀਏ ਜਿੱਥੇ ਰਹੇਂ ਨੀ ਸੁਖਾਲੀ।
ਤੇਰੇ ਬਦਲੇ ਨਾਜੋ ਛੱਡੀ ਮੈਂ ਥਾਣੇਦਾਰੀ।

ਪੇਕੇ ਕੀ ਵੱਸਣਾ ਜਿੱਥੇ ਉਮਰ ਗੁਜ਼ਾਰੀ।
ਆ ਘਰ ਵੱਸੀਏ ਢੋਲਾ ਤੇਰੀ ਕਿਨ ਮੱਤ ਮਾਰੀ।

ਚੂੜਾ ਘੜਨੇ ਦਿੱਤਾ ਬੰਦ ਸਿੱਟਾਂ ਵੇ ਪੁਹਾਰੇ।
ਤੇਰੇ ਬਦਲੇ ਬੀਬਾ ਮਾਪੇ ਮਨੋਂ ਵੇ ਵਸਾਰੇ।

ਪੇਕੇ ਜਾ ਗੋਰੀਏ ਜਿੱਥੇ ਰਹੇਂ ਨੀ ਸੁਖਾਲੀ।
ਤੇਰੇ ਬਦਲੇ ਨਾਜੋ ਛੱਡੀ ਮੈਂ ਥਾਣੇਦਾਰੀ।

ਨੀਲੇ ਘੋੜੇ ਵਾਲਿਆ

ਨੀਲੇ ਤੇ ਘੋੜੇ ਵਾਲਿਆ
ਬੀਬਾ ਕਿੱਧਰ ਨੂੰ ਘੋੜਾ ਬੀੜਿਆ ਈ।

ਤੁਸਾਂ ਕੀ ਪੁੱਛਣਾ ਗੋਰੀਏ
ਜਿਨ੍ਹਾਂ ਪੇਕੜਾ ਬੂਹਾ ਮੱਲਿਆ ਈ।

ਪੁੱਛਣ ਅਸਾਡੀਆਂ ਮਾਵਾਂ ਨੀ
ਜਿਨ੍ਹਾਂ ਕੱਢ ਕਲੇਜੜਾ ਘੱਲਿਆ ਨੀ।

ਤੁਹਾਡੀਆਂ ਮਾਵਾਂ ਕੀ ਪੁੱਛਣਾ ਵੇ
ਜਿਨ੍ਹਾਂ ਖੱਟਣੇ ਨੂੰ ਪੁੱਤ ਘੱਲਿਆ ਈ।

ਪੁੱਛਣ ਅਸਾਡੀਆਂ ਮਾਵਾਂ ਵੇ
ਜਿਹੜੀਆਂ ਲਾਵਾਂ ਦੇ ਕੇ ਭੁੱਲੀਆਂ ਨੀ।

ਚਰਖ਼ਾ ਕਤਨੀ ਆਂ ਪੂਣੀ ਵਟਨੀ ਆਂ
ਮੈਂ ਤੇ ਭਰ ਭਰ ਲਾਹਨੀ ਆਂ ਛੱਲੀ ਬੀਬਾ।

ਜਾ ਆਖਿਓ ਮੇਰੇ ਢੋਲ ਤਾਈਂ
ਮੇਰੀ ਫੁੱਲਾਂ ਦੀ ਸੇਜ ਇਕੱਲੀ ਬੀਬਾ।

ਚਿੱਠੀ ਮੂੰਹੋਂ ਨਈਂ ਬੋਲਦੀ

ਕਾਲ਼ਿਆਂ ਬਾਗ਼ਾਂ ਵਿੱਚ ਕੋਇਲ ਪਈ ਬੋਲਦੀ
ਅਜ ਘਰ ਆਈ ਚਿੱਠੀ ਪਿਆਰੜੇ ਢੋਲ ਦੀ।

ਬਹਿ ਪਰਛਾਵੇਂ ਮੈਂ ਚਿੱਠੀ ਨੂੰ ਖੋਲ੍ਹਦੀ
ਇੱਕ ਦੁੱਖ ਡਾਹਢਾ ਚਿੱਠੀ ਮੂੰਹੋਂ ਨਈਂ ਬੋਲਦੀ।

ਚਿੱਠੀ ਰਸਾਨਾ ਚਿੱਠੀ ਦੇ ਜਾ ਘਰ ਆ ਕੇ
ਮਾਹੀਏ ਦੀ ਚਿੱਠੀ ਜ਼ਰਾ ਜਾਵੀਂ ਸੁਣਾ ਕੇ

ਆਵੀਂ ਤੂੰ ਜਾਵੀਂ ਅੜਿਆ ਢੋਲਣ ਮੇਰਿਆ
ਛੱਡ ਕੇ ਨਾ ਜਾਵੀਂ ਬੰਦੀ ਨੌਕਰ ਤੇਰੀਆਂ।

ਕਾਲ਼ੇ ਕਾਲ਼ੇ ਬਾਗ਼ਾਂ ਵਿੱਚ ਫੁੱਲ ਵੇ ਗੁਲਾਬ ਦਾ
ਸੱਸ ਵੇ ਕੁਪੱਤੀ ਮੇਹਣਾ ਦਿੰਦੀ ਏ ਲਾਡ ਦਾ।

ਬੀਨ ਵਜਾਈ ਰਾਂਝੇ ਚਾਕ

ਬੀਨ ਵਜਾਈ ਰਾਂਝੇ ਚਾਕ
ਲੱਗੀ ਮਨ ਮੇਰੇ
ਤਖ਼ਤ ਹਜ਼ਾਰੇ ਦਿਆ ਮਾਲਕਾ
ਕਿੱਥੇ ਲਾਏ ਨੀ ਡੇਰੇ।
ਕਿਨ ਵੇ ਬਣਾਇਆ ਲਾੜਾ ਜੰਜਾਂ ਦਾ
ਕਿਨ ਬੱਧੇ ਸਿਹਰੇ
ਮਾਂ ਬਣਾਇਆ ਲਾੜਾ ਜੰਜਾਂ ਦਾ
ਪਿਉ ਬੱਧੇ ਸਿਹਰੇ।
ਕੱਢ ਖਾਂ ਪਾਂਧਿਆ ਪੱਤਰੀ
ਲਿਖੀਂ ਲੇਖ ਮੇਰੇ।
ਲਿਖਣੇ ਵਾਲਾ ਲਿਖ ਗਿਆ
ਵੱਸ ਨਹੀਓਂ ਮੇਰੇ।
ਆਖਿਓ ਰਾਂਝੇ ਚਾਕ ਨੂੰ
ਮੱਝੀਆਂ ਛੇੜੇ
ਮੱਝੀਆਂ ਛੇੜਦਾ ਰਹਿ ਗਿਆ
ਹੀਰ ਲੈ ਗਏ ਖੇੜੇ।

ਲਾਲ ਨਹੀਂ ਘਰ ਮੇਰਾ

ਰਾਜੇ ਦਾ ਇੱਕ ਨੌਕਰ ਆਇਆ ਮਹਿਲੀਂ ਦਿਓ ਨੀ ਉਤਾਰਾ।
ਮਹਿਲੀਂ ਉਤਾਰਾ ਮੈਂ ਕੀਕਣ ਦੇਵਾਂ ਲਾਲ ਨਈਂ ਘਰ ਮੇਰਾ।
ਬਾਗ੍ਹੀਂ ਵਗ੍ਹੀਏਂ ਖੱਟ ਕੇ ਆਇਆ ਮਹਿਲੀਂ ਦਿਓ ਨੀ ਉਤਾਰਾ।
ਖਾਵੰਦ ਤੇਰੇ ਦਾ ਵੀਰ ਜੋ ਲਗਦਾ ਦੇਵਰ ਲਗਦਾ ਭਾਬੀ ਤੇਰਾ।
ਸੱਸ ਨਾ ਜਾਇਆ ਪਤ੍ਰੀਸ ਨਾ ਜਾਇਆ ਦੇਵਰ ਤੈਨੂੰ ਕਿਸ ਵੇ ਬਣਾਇਆ।
ਨਿੱਕਾ ਹੁੰਦਾ ਨੌਕਰ ਰਾਜੇ ਦੇ ਡੇਰੇ ਮੁਸ ਫੁੱਟ ਘਰ ਆਇਆ।
ਚੌਂਕਾ ਫੇਰਾਂ ਭਾਂਡੇ ਮਾਂਜਾਂ ਰੋਟੀ ਕਰਾਂ ਦੇਵਰਾ ਤੇਰੀ।
ਰੋਟੀ ਤੇ ਮੇਰੀ ਰਾਜੇ ਦੇ ਡੇਰੇ ਆਣ ਸੌਵਾਂ ਭਾਬੀ ਤੇਰੇ।
ਟੁੱਟੀ ਮੰਜੀ ਤੇ ਵਾਣ ਪੁਰਾਣਾ ਭੂਆਂ ਸੁੱਟਾਂ ਪਿਛਵਾੜੇ।
ਰੱਤਾ ਪਲੰਘ ਤੇ ਚਿੱਟਾ ਵਛੋਣਾ ਡਾਹ ਛੱਡੇਂ ਵਿੱਚ ਵਿਹੜੇ।
ਅੱਧੀ ਅੱਧੀ ਰਾਤੀਂ ਤੇ ਪਿਛਲੇ ਪਹਿਰੇ ਕੁੰਡਾ ਮੇਰਾ ਕਿਨ ਖੜਕਾਇਆ।
ਚੁੱਪ ਕਰ ਨਾਜੋ ਚੁੱਪ ਕਰ ਭਾਬੋ ਦੇਵਰ ਭਾਬੀ ਘਰ ਆਇਆ।
ਪੈਰੀਂ ਮੇਰੀ ਮਖ਼ਤੌਲਿਆ ਜੋੜਾ ਲਾਹ ਮਾਰਾਂ ਸਿਰ ਤੇਰੇ।
ਹੱਥ ਮੇਰੇ ਵਿੱਚ ਅੱਲੀਆਂ ਛਮਕਾਂ ਲਾਹ ਸੁੱਟਾਂ ਪਾਸੇ ਤੇਰੇ।
ਬਾਗ੍ਹੀਂ ਵਰ੍ਹਿਓਂ ਨੀ ਮੈਂ ਖੱਟ ਘਰ ਆਇਆ ਅੰਤ ਲਵਾਂ ਨਾਜੋ ਤੇਰੇ।
ਹੱਥ ਜੋੜਾਂ ਗਲ਼ ਪਲੜਾ ਪਾਵਾਂ ਬਖ਼ਸ਼ੀਂ ਬੀਬਾ ਔਗਣ ਮੇਰੇ।

ਵਿਆਹ-ਸ਼ਾਦੀਆਂ, ਵਧਾਈ ਤੇ ਪੁੱਤਰ ਜੰਮਣ ਦੇ ਗੀਤਾਂ ਦੀ ਵੰਨਗੀ

ਵਿਆਹ-ਸ਼ਾਦੀਆਂ ਦੇ ਅਨੇਕ ਗੀਤ ਪੰਜਾਬੀ ਜ਼ਬਾਨ ਵਿੱਚ ਨੇ। ਸਿੱਠਣੀਆਂ, ਕਾਮਣ, ਘੋੜੀਆਂ, ਸੁਹਾਗ, ਖਟ ਦੇ ਗੀਤ, ਲਾਵਾਂ ਦੇ ਗੀਤ, ਵਟਣਾ ਮਲਣ ਦੇ ਗੀਤ, ਵਗ਼ੈਰਾ ਵਗ਼ੈਰਾ। ਪੁਰਾਣਿਆਂ ਗੀਤਾਂ ਵਿੱਚੋਂ ਘੋੜੀਆਂ ਤੇ ਸੁਹਾਗ ਤੇ ਲੜਕੀ ਦੀ ਡੋਲ਼ੀ ਟੋਰਨ ਵਕਤ ਦੇ ਗੀਤ ਬਹੁਤ ਹੀ ਆਹਲਾ ਦਰਜੇ ਦੇ ਨੇ। ਸਾਰੇ ਗੀਤ ਲਿਖੇ ਜਾਣ ’ਤੇ ਇੱਕ ਪੂਰੀ ਕਿਤਾਬ ਭਰਦੀ ਏ। ਇਹ ਗੀਤ ਸਿਰਫ਼ ਇਹ ਦੱਸਣ ਵਾਸਤੇ ਨੇ ਕਿ ਇਹ ਗੀਤ ਕਹੇ ਮਿੱਠੇ ਤੇ ਸੁੰਦਰ ਨੇ ਤੇ ਕਿਹੋ ਜਿਹੀਆਂ ਘੋੜੀਆਂ, ਸੁਹਾਗ ਤੇ ਡੋਲ਼ੀ ਟੋਰਨ ਦੇ ਗੀਤ ਲਿਖੇ ਜਾਂਦੇ ਨੇ।

ਘੋੜੀਆਂ

(ਇਹ ਗੀਤ ਵਿਆਹ-ਸ਼ਾਦੀਆਂ ਦੇ ਵਕਤ ਲੜਕੇ ਵਾਲੇ ਘਰ ਔਰਤਾਂ ਬੋਲਦੀਆਂ ਨੇ)

ਘੋੜੀ-1

ਘੋੜੀ ਤੇਰੀ ਵੇ ਮੱਲਾ ਸੋਹਣੀ ਬਣਦੀ ਕਾਠੀਆਂ ਦੇ ਨਾਲ
ਕਾਠੀ ਲੱਖ ਤੇ ਹਜ਼ਾਰ ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।
ਵਿੱਚ-ਵਿੱਚ ਬਾਗ਼ਾਂ ਦੇ ਤੁਸੀਂ ਆਵੋ
ਚੋਟ ਨਗਾਰਿਆਂ ਦੀ ਲਾਵੋ
ਧੀ ਥਾਣੇਦਾਰ ਦੀ ਲੈ ਆਵੋ
ਛੈਲ ਨਵਾਬਾਂ ਦੇ ਘਰ ਢੁੱਕਣਾ।
ਵੇ ਉਮਰਾਵਾਂ ਦੀ ਤੇਰੀ ਚਾਲ
ਵਿੱਚ ਸਰਦਾਰਾਂ ਵੇ ਤੇਰਾ ਬੈਠਣਾ।

ਘੋੜੀ-2

ਹਰਿਆ ਨੀ ਮਾਲਣ ਹਰਿਆ ਨੀ ਭੈਣਾਂ ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆਂ ਸੋਈ ਦਿਹਾੜਾ ਭਾਗੀਂ ਭਰਿਆ।
ਜੰਮਦੜਾ ਹਰਿਆ ਗੁੱਦੜ ਲਪੇਟਿਆ ਕੁੱਛੜ ਦਿੱਤਾ ਇਹਨਾਂ ਦਾਈਆਂ।
ਨਹਾਤਾ ਤੇ ਧੋਤਾ ਹਰਿਆ ਪਟ ਵਲ੍ਹੇਟਿਆ ਕੁੱਛੜ ਮਿਲਿਆ ਸਕੀਆਂ ਭੈਣਾਂ।
ਕੀ ਕੁਛ ਦੇਣਾ ਏਂ ਇਨ੍ਹਾਂ ਦਾਈਆਂ ਤੇ ਮਾਈਆਂ ਕੀ ਕੁਛ ਦੇਣਾ ਏਂ ਇਨ੍ਹਾਂ ਸਕੀਆਂ ਭੈਣਾਂ।
ਪੰਜ ਰੁਪਏ ਇਹਨਾਂ ਦਾਈਆਂ ਤੇ ਮਾਈਆਂ ਸੁੱਚੜੇ ਤੇਵਰ ਸਕੀਆਂ ਭੈਣਾਂ।

ਘੋੜੀ-3

ਉੱਠ ਨੀ ਰਵੇਲ ਘੋੜੀ ਬਾਬੇ ਵਿਹੜੇ ਜਾ
ਬਾਬੇ ਦੇ ਮਨ ਸ਼ਾਦੀਆਂ ਤੇਰੀ ਦਾਦੀ ਦੇ ਮਨ ਚਾਅ।
ਘੋੜੀ ਚੁਗਦੀ ਹਰਿਆ ਘਾ, ਘੋੜੀ ਪਈ ਸਵੱਲੜੇ ਰਾਹ
ਘੋੜੀ ਰਾਂਗਲੀ ਸ਼ਾਮਾ।

ਘੋੜੀ-4

ਬੰਨੋ ਨੇ ਭੇਜੀਆ ਚੀਰੀਆਂ ਵੇਸਰ ਵਾਲੀ ਨੇ ਭੇਜੀਆਂ ਚੀਰੀਆਂ।
ਤੁਸੀਂ ਵਾਚੰਦੜਾ ਘਰ ਆਉ ਬੰਨਾਂ ਮੇਰਾ ਰਾਉ ਰਜਾਦੀ ਦਾ ਜੀਵੇ ਬੰਨਾ।
ਜੀਵੇ ਬੰਨਾ ਦੁੱਧ ਪੀਵੇ ਛੰਨਾ ਮੇਰਾ ਰਾਉ ਰਜਾਦੀ ਦਾ ਜੀਵੇ ਬੰਨਾ।
ਕੀਕਣ ਆਵਾਂ ਬੰਨੋ
ਮੇਰੀਏ ਲਟਕੰਦੀ ਨੀ ਵੇਸਰ ਵਾਲੀਏ। ਛਣਕਦੇ ਚੂੜੇ ਵਾਲੀਏ,
ਮੈਂ ਤੇਰੀ ਵਰੀਓ–ਬਣਾਂਦਾ ਬੰਨੋ।
ਵਰੀਓ ਬਣਾਵੇ ਤੇਰਾ ਬਾਬਲ ਹੱਟ ਦਰਜ਼ੀ ਦੇ ਜਾਏ ਤੇਰਾ ਬਾਬਲਾ
ਸਿਰ ਮਸਤ ਝੁੱਲੇ ਹੇਠ ਗੁੱਤ ਝੁੱਲੇ
ਮੁੱਖ ਪਾਨ ਤੰਬੋਲੜਾ ਆਉ ਬੰਨਾ ਮੇਗੀ ਰਾਉ ਰਜਾਦੀ ਦਾ ਜੀਵੇ ਬੰਨਾ।

ਘੋੜੀ-5

ਕਿੱਧਰੋਂ ਤੇ ਆਈ ਆ ਬਦਲੀ ਲਾਲਾ ਵੇ
ਕਿੱਧਰੋਂ ਨੇ ਸਾਵਣ ਮੀਂਹ ?

ਚੜ੍ਹਦਿਉਂ ਆਈ ਆ ਬਦਲੀ ਲਾਲਾ ਵੇ
ਲਹਿੰਦਿਓਂ ਸਾਵਣ ਮੀਂਹ।

ਕਿੱਥੇ ਤੇ ਵੱਸੇਗੀ ਬਦਲੀ ਲਾਲਾ ਵੇ,
ਕਿੱਥੇ ਤੇ ਸਾਵਣ ਮੀਂਹ ?

ਬਾਗ਼ੀਂ ਤੇ ਵੱਸੇਗੀ ਬਦਲੀ ਲਾਲਾ ਵੇ
ਮਹਿਲੀਂ ਤੇ ਸਾਵਣ ਮੀਂਹ।

ਕਿਹਦਾ ਤੇ ਭਿੱਜਾ ਏ ਫੁੱਲਾਂ ਦਾ ਸਿਹਰਾ
ਕਿਹਦਾ ਤੇ ਹਾਰ ਸ਼ਿੰਗਾਰ ?

ਰਾਂਝੇ ਦਾ ਭਿੱਜਾ ਏ ਫੁੱਲਾਂ ਦਾ ਸਿਹਰਾ
ਹੀਰ ਦਾ ਹਾਰ ਸ਼ਿੰਗਾਰ।

ਘੋੜੀ-6

ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਦੰਮਾਂ ਦੀ ਬੋਰੀ ਬਾਪ ਰਾਜਾ ਫੜੇ।
ਵੀਰਾਂ ਦੀ ਜੋੜੀ ਤੇਰੇ ਨਾਲ ਚੜ੍ਹੇ।
ਪੀਲੀ ਪੀਲੀ ਦਾਲ ਤੇਜਣ ਘੋੜੀ ਚਰੇ।
ਭੈਣ ਸਭਰਾਈ ਤੇਰੀ ਵਾਗ ਫੜੇ।
ਰੱਤਾ ਰੱਤਾ ਡੋਲ਼ਾ ਆਵੇਂ ਘਰੇ।
ਨਿੱਕੀ ਜਹੀ ਬੰਨੋ ਪੈਰ ਠੁਮਕ ਧਰੇ।
ਨਿੱਕੀ ਜਹੀ ਬੰਨੋ ਪੀੜ੍ਹੀ ਬੈਠੀ ਸਜੇ।

ਘੋੜੀ-7

ਵੇ ਆਇਓਂ ਤੂੰ ਕਿਹੜੇ ਕਿਹੜੇ ਰਾਹ।
ਵੇ ਰੰਗੀਲਿਆ ਵੇ ਹਾਕਮਾ ਵੇ।
ਬੈਠੀ ਵੇ ਰਹੀ ਵੇ ਸ਼ਾਮ ਨੂੰ ਵੇ
ਵੇ ਬਾਪ ਬੰਨਿਆ ਤੇਰਾ ਦੇਸਾਂ ਦਾ ਰਾਜਾ।
ਵੇ ਲੱਖ ਵੰਡੇ ਜੱਸ ਲਿਆਇਆ
ਵੇ ਰੰਗੀਲਿਆ ਹਾਕਮਾ
ਵੇ ਆਇਓਂ ਕਿਹੜੇ ਕਿਹੜੇ ਰਾਹ।
ਮਾਂ ਵੇ ਤੇਰੀ ਬੰਨਿਆ ਸਰਵ ਸੁਹਾਗਣ
ਜਿਸ ਵੇ ਰਾਣੀ ਦਾ ਤੂੰ ਜਾਇਆ
ਵੇ ਰੰਗੀਲਿਆ ਵੇ ਰਾਂਝਣਾ
ਬੰਨਾ ਤੇ ਬੰਨੜੀ ਚਾਰ ਜੁੱਗ ਜਿਊਂਵੇ।
ਬਾਬੇ ਦਾ ਬੋਲ ਸੁਹਾਇਆ
ਵੇ ਰੰਗੀਲਿਆ ਰਾਂਝਣਾ
ਜਿਤ ਵੱਲ ਚੜ੍ਹੇਂ ਤੇਰੀ ਫ਼ਤਿਹ ਹਮੇਸ਼ਾ।
ਜਿੱਤ ਕੇ ਘਰਾਂ ਨੂੰ ਆਇਆ
ਵੇ ਰੰਗੀਲਿਆ ਹਾਕਮਾ
ਬੰਨ੍ਹ ਸਿਹਰਾ ਤੈਨੂੰ ਘੋੜੀ ਚੜ੍ਹਾਵਾਂ।
ਭਾਈਆਂ ਦੀਆਂ ਫ਼ੌਜਾਂ ਲਿਆਇਆ
ਵੇ ਰੰਗੀਲਿਆ ਹਾਕਮਾ।

ਘੋੜੀ-8

ਸਿਰ ਬੰਨਾ ਤੇਰੇ ਚੀਰਾ ਵੇ ਬਣਦਾ
ਕਲਗ਼ੀ ਬਣ ਰਹਿੰਦੀ ਲਾਲ
ਕੇਸਰ ਕਿਆਰੀ ਲਾਲ
ਫੁੱਲ ਗੁਲਾਬੀ ਲਾਲ
ਚੰਬੇ ਦੀਆਂ ਕਲੀਆਂ ਲਾਲ
ਕੇਸਰ ਦੀਆਂ ਪੁੜੀਆਂ ਲਾਲ
ਵਿਹੜੇ ਦੀਆਂ ਕੁੜੀਆਂ ਲਾਲ
ਕਿਨ ਭਰਮਾ ਲਿਆ
ਕਿਨ ਭਰਮਾਇਆ ਨੀ ਰਾਣੀ ਰੁਕਮਣ ਦਾ ਜਾਇਆ ਲਾਲ।
ਕਿਨ ਭਰਮਾ ਲਿਆ,
ਹੇਠ ਬੰਨਾ ਤੇਰੇ ਘੋੜਾ ਵੇ ਬਣਦਾ
ਕਾਠੀ ਬਣ ਰਹਿੰਦੀ ਲਾਲ
ਕੇਸਰ ਕਿਆਰੀ ਲਾਲ
ਫੁੱਲ ਗੁਲਾਬੀ ਲਾਲ
ਕਿਨ ਭਰਮਾ ਲਿਆ।

ਸੁਹਾਗ

(ਇਹ ਗੀਤ ਬੀਬੀਆਂ ਵਿਆਹ ਦੇ ਮੌਕੇ 'ਤੇ ਲੜਕੀ ਵਾਲੇ ਘਰ ਬੋਲਦੀਆਂ ਨੇ)

ਸੁਹਾਗ-1

ਚੰਨਣ ਦੇ ਓਹਲੇ ਓਹਲੇ
ਕਿਉਂ ਖੜੀ ਬੇਟੀ ਚੰਨਣ ਦੇ ਓਹਲੇ।
ਮੈਂ ਤੇ ਖੜੀ ਆਂ ਬਾਬਲ ਜੀ ਦੇ ਪਾਸ
ਬਾਬਲ ਵਰ ਲੋੜੀਏ।
ਬੇਟੀ ਕਿਹੋ ਜਿਹਾ ਵਰ ਲੋੜੀਏ
ਬਾਬਲ ਜਿਉਂ ਤਾਰਿਆਂ ਵਿੱਚੋਂ ਚੰਨ
ਚੰਨਾਂ ਵਿੱਚੋਂ ਕਾਹਨ ਕਨ੍ਹਈਆ ਵਰ ਲੋੜੀਏ।
(ਅੱਗੇ ਵੀਰ, ਚਾਚਾ, ਬਾਬਾ, ਮਾਮਾ, ਗਿਣ ਲਈਦਾ ਏ ।)

ਸੁਹਾਗ-2

ਚਾਰ ਗੁੱਲੀਆਂ ਰੰਗ ਡੁੱਲ੍ਹੀਆਂ ਰੰਗ ਗੂੜ੍ਹੇ ਰੱਤੀਆਂ
ਬਾਜ਼ਾਰ ਸੇਤੀ ਮੁੱਲ ਪਿਆ, ਆਣ ਬਾਬਲ ਲੀਤੀਆਂ।
ਜਾਈਂ ਜਾਈਂ ਵੇ ਬਾਬਲ ਓਸ ਨਗਰੀ
ਜਿੱਥੇ ਸੋਨਾ ਵਿਹਾਝੀਏ
ਵਿਹਾਝ ਸੋਨਾ ਮੇਰੇ ਬਾਬਲ ਆਂਦਾ
ਲੈ ਨੀ ਧੀਏ ਲਿਆਇਆ ਨੀਏ
ਲੈ ਲੈ ਨੀ ਰੁਕਮਣ ਰਾਣੀਏਂ।
(ਅੱਗੇ ਮਾਮਾ, ਚਾਚਾ, ਬਾਬਾ ਲਾ ਲਈਦਾ ਏ।)

ਸੁਹਾਗ-3

ਦੇਈਂ ਦੇਈਂ ਵੇ ਬਾਬਲਾ ਓਸ ਘਰੇ
ਜਿੱਥੇ ਸੱਸ ਭਲੀ ਪਰਧਾਨ, ਸਹੁਰਾ ਸਰਦਾਰ
ਸੱਸ ਨੂੰ ਸੱਦਣ ਸ਼ਰੀਕਣੀਆਂ
ਸਹੁਰਾ ਕਚਹਿਰੀ ਦਾ ਮਾਲਕ ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ ਤੇਰਾ ਦਾਨ ਹੋਵੇ
ਤੇਰਾ ਹੋਵੇਗਾ ਵੱਡੜਾ ਜੱਸ
ਬਾਬਲ ਤੇਰਾ ਪੁੰਨ ਹੋਵੇ।

ਦੇਈਂ ਦੇਈਂ ਵੇ ਬਾਬਲਾ ਓਸ ਘਰੇ
ਜਿਸ ਸੱਸ ਦੇ ਬਾਹਲੜੇ ਪੁੱਤ।
ਇੱਕ ਮੰਗਾਂ ਇੱਕ ਵਿਆਹਵਾਂ
ਮੈਂ ਤਾਂ ਸ਼ਾਦੀਆਂ ਵੇਖਾਂਗੀ ਨਿੱਤ
ਬਾਬਲ ਤੇਰਾ ਪੁੰਨ ਹੋਵੇ।

ਦੇਈਂ ਦੇਈਂ ਵੇ ਬਾਬਲਾ ਓਸ ਘਰੇ
ਜਿੱਥੇ ਕਾਲੀਆਂ ਬੂਰੀਆਂ ਸੱਠ।
ਇੱਕ ਰਿੜਕਾਂ ਇੱਕ ਚੋਵਾਂ
ਮੇਰਾ ਵਿੱਚ ਮਧਾਣੀ ਦੇ ਹੱਥ
ਬਾਬਲ ਤੇਰਾ ਪੁੰਨ ਹੋਵੇ।

ਦੇਈਂ ਦੇਈਂ ਵੇ ਬਾਬਲਾ ਓਸ ਘਰੇ
ਜਿੱਥੇ ਘੜਤ ਘੜੇ ਸੁਨਿਆਰ।
ਇੱਕ ਲਾਹਵਾਂ ਇੱਕ ਪਾਵਾਂ
ਮੇਰਾ ਡੱਬੜੇ ਦੇ ਵਿੱਚ ਹੱਥ ਬਾਬਲ ਤੇਰਾ ਪੁੰਨ ਹੋਵੇ।

ਕੰਘੀਏ ਨੀ ਰੰਗ ਰੱਤੀਏ

ਕੰਘੀਏ ਨੀ ਰੰਗ ਰੱਤੀਏ
ਮੇਰੀ ਨਾਜੋ ਸ਼ਿੰਗਾਰੀਂ
ਮੈਂ ਕੀ ਜਾਣਾਂ ਬਾਵਰੀ
ਜਾ ਕੇ ਨੈਣਾਂ ਨੂੰ ਪੁੱਛੋ
ਮੌਲੀ ਨੀ ਰੰਗ ਰੱਤੀਏ
ਮੇਰੀ ਨਾਜੋ ਸ਼ਿੰਗਾਰੀਂ
ਮੈਂ ਕੀ ਜਾਣਾਂ ਬਾਵਰੀ
ਜਾ ਲਲਾਰੀ ਨੂੰ ਪੁੱਛੋ
ਮਹਿੰਦੀਏ ਨੀ ਰੰਗ ਰੱਤੀਏ
ਮੇਰੀ ਨਾਜੋ ਸ਼ਿੰਗਾਰੀਂ
ਮੈਂ ਕੀ ਜਾਣਾਂ ਬਾਵਰੀ
ਜਾ ਪੰਸਾਰੀ ਨੂੰ ਪੁੱਛੋ
ਵੇਸਰੇ ਸਰਬ ਸੁਹਾਗਣੇ
ਮੇਰੀ ਨਾਜੋ ਸ਼ਿੰਗਾਰੀਂ
ਮੈਂ ਕੀ ਜਾਣਾ ਬਾਵਰੀ
ਜਾ ਸੁਨਿਆਰੇ ਨੂੰ ਪੁੱਛੋ

ਡੋਲੀ ਟੋਰਨ ਸਮੇਂ ਦੇ ਗੀਤ

(ਲੜਕੀ ਵਿਦਾਈ ਕਰਨ ਦੇ ਵੇਲੇ ਇਹ ਗੀਤ ਗਾਏ ਜਾਂਦੇ ਨੇ, ਕੁਝ ਮਿਲਣ-ਵਿੱਛੜਨ ਬਣਦਾ ਏ, ਕੁਝ ਗੀਤ ਅਸਰ ਵਾਲੇ ਨੇ। ਗੱਲ ਕੀ ਕਰੀਏ, ਬੜੇ ਜਿਗਰੇ ਵਾਲੇ ਆਦਮੀ ਡੋਲੀ ਟੋਰਨ ਵੇਲੇ ਇਹ ਗੀਤ ਸੁਣ ਕੇ ਅੱਥਰੂ ਡਿਗਾ ਦੇਂਦੇ ਨੇ।)

ਗਲੀਆਂ ਹੋਈਆਂ ਬਾਬਲ ਭੀੜੀਆਂ

ਸੱਠ ਸਹੇਲੀ ਬਾਬਲ ਦਰ ਖੜ੍ਹੀ
ਮੈਨੂੰ ਨਹੀਂ ਖੇਡਣ ਦਾ ਚਾਓ
ਵੇ ਸੁਣ ਬਾਬਲ ਮੇਰਾ
ਮੈਂ ਬੇਟੀ ਪਰਨਾਈਏ ਵੇ
ਸੁਣ ਬਾਪ ਮੇਰਾ
ਕਿ ਦਿਲ ਦਰਿਆਉ ਵੇ ਸੁਣ ਬਾਪ ਮੇਰਾ।
ਗਲੀਆਂ ਤੇ ਹੋਈਆਂ ਬਾਬਲ ਭੀੜੀਆਂ
ਮੈਨੂੰ ਅੰਗਣ ਹੋਇਆ ਪਰਦੇਸ
ਸਾਂਭ ਸਾਂਭ ਘਰ ਆਪਣਾ ਬਾਬਲ
ਮੈਂ ਚੱਲੀ ਪਰਦੇਸ ਵੇ ਸੁਣ ਬਾਪ ਮੇਰਾ
ਮਾਂ ਰੋਂਦੀ ਦੀ ਅੰਗੀਆ ਭਿੱਜ ਗਈ
ਬਾਪ ਰੋਵੇ ਦਰਿਆਓ
ਵੀਰ ਰੋਵੇ ਸਾਰਾ ਜੱਗ ਰੋਵੇ
ਮੇਰੀਆਂ ਭਾਬੀਆਂ ਮਨ ਚਾਓ ਵੇ
ਸੁਣ ਬਾਪ ਮੇਰਾ।
ਮੈਂ ਤੈਨੂੰ ਆਖ ਰਹੀ ਬਾਬਲ
ਮੇਰਾ ਅੱਸੂ ਦਾ ਕਾਜ ਰਚਾਓ
ਤੇਰਾ ਅੰਨ ਨਾ ਤਰੱਕੇ ਕੋਠੜੀ
ਤੇਰਾ ਦਹੀਂ ਨਾ ਉੱਬਲ ਜਾਓ
ਵੇ ਸੁਣ ਬਾਪ ਮੇਰਾ।
ਬਾਪ ਦੇਸਾਂ ਦਾ ਰਾਜਾ ਛੁੱਟਿਆ
ਮਾਂ ਮਹਿਲਾਂ ਦੀ ਰਾਣੀ

ਪੱਟੀਆਂ ਲਿਖਦੇ ਵੀਰ ਛੁੱਟੇ
ਛੁੱਟਿਆ ਘਰ ਬਾਰ
ਵੇ ਸੁਣ ਬਾਪ ਮੇਰਾ
ਦਾਜ ਤੇ ਦਾਵਨ ਬਾਬਲ ਸਭ ਕੁਝ ਦਿੱਤੜਾ
ਦਿੱਤੇ ਹਸਤ ਲਦਾ
ਇੱਕ ਨਾ ਦਿੱਤਾ ਬਾਬਲ ਕੋਤਲ ਘੋੜਾ
ਚੀਰੇ ਵਾਲਾ ਚੜ੍ਹ ਕੇ ਜਾਏ
ਵੇ ਸੁਣ ਬਾਪ ਮੇਰਾ।

ਤੁਸੀਂ ਕਿਉਂ ਨਿਵਿਓ ਮਾਪਿਓ

ਤੁਸੀਂ ਕਿਉਂ ਨਿਵਿਓ ਮਾਪਿਓ
ਬੀਬੀ ਦਾ ਮਾਂ ਪਿਓ ਨਿਓਂ ਗਿਆ
ਹੋਰ ਨਿਵਿਆਂ ਨਾ ਕੋਈ
ਨਿਓਂ ਗਿਆ ਪਰਬਤ ਪਹਾੜਾਂ ਦਾ
ਹੋਰ ਨਿਵਿਆਂ ਨਾ ਕੋਈ।
ਬੀਬੀ ਦਾ ਬਾਬਲਾ ਇਉਂ ਰੋਵੇ
ਜਿਉਂ ਘਟ ਸਾਵਣ ਦੀ ਆਈ।
ਤੂੰ ਕਿਉਂ ਰੋਣਾ ਏਂ ਬਾਬਲਾ
ਜੱਗ ਹੁੰਦੜੀ ਆਈ।
ਤੁਸੀਂ ਕਿਉਂ ਨਿਵਿਓਂ ਮਾਪਿਓ
ਜੱਗ ਹੁੰਦੜੀ ਆਈ।

ਰੱਖ ਲੈ ਬਾਬਲਾ

ਮੈਨੂੰ ਰੱਖ ਲੈ ਬਾਬਲਾ ਅੱਜ ਦੀ ਰਾਤ ਉਧਾਰੀ
ਵਿਹੜੇ ਬੈਠੀ ਮਾਂ ਮੈਂ ਵਿੱਛੜ ਚੱਲੀ ਆਪ ਵੇ
ਕੀਕਣ ਰੱਖਾਂ ਧੀਏ ਨੀ
ਮੈਂ ਸੱਜਣ ਸਦਾ ਲਏ ਆਪ ਨੀ।
ਮੈਨੂੰ ਰੱਖ ਲੈ ਵੀਰਾ ਵੇ ਅੱਜ ਦੀ ਰਾਤ ਉਧਾਰੀ
ਵੇਹੜਾ ਭਰਿਆ ਭਾਬੀਆਂ ਮੈਂ ਵਿੱਛੜ ਚੱਲੀ ਆਪ ਵੇ।
ਮੈਂ ਕੀਕਣ ਰੱਖਾਂ ਭੈਣੇਂ ਮੈਂ ਸੱਜਣ ਸਦਾ ਲਏ ਆਪ ਨੀ।

ਸਾਡਾ ਚਿੜੀਆਂ ਦਾ ਚੰਬਾ ਵੇ

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸੀਂ ਉੱਡ ਜਾਵਾਂਗੇ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਸ ਦੇਸ ਜਾਵਾਂਗੇ।
ਮੇਰੀਆਂ ਆਲ਼ੇ ਗੁੱਡੀਆਂ ਵੇ
ਬਾਬਲ ਕੌਣ ਖੇਡੇ
ਮੇਰੀਆਂ ਖੇਡਣ ਪੋਤਰੀਆਂ
ਜਾਈਏ ਘਰ ਜਾ ਆਪਣੇ।
ਮੇਰਾ ਛੁੱਟਾ ਕਸੀਦਾ ਵੇ
ਬਾਬਲ ਕੌਣ ਕੱਢੇ
ਮੇਰੀਆਂ ਕੱਢਣ ਪੋਤਰੀਆਂ
ਜਾਈਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ
ਬਾਬਲ ਮੇਰਾ ਡੋਲ਼ਾ ਅੜਿਆ।
ਦੋ ਇੱਟਾਂ ਪੁਟਾ ਦਿਆਂ ਨੀ
ਜਾਈਏ ਘਰ ਜਾ ਆਪਣੇ।
ਤੇਰੇ ਬਾਗਾਂ ਦੇ ਵਿੱਚ ਵਿੱਚ ਵੇ
ਬਾਬਲ ਮੇਰਾ ਡੋਲ਼ਾ ਅੜਿਆ।
ਦੋ ਖੱਟੇ ਪੁਟਾ ਦੇਵਾਂ
ਧੀਏ ਘਰ ਜਾ ਆਪਣੇ।

ਨਾ ਰੋ ਨੀ ਮੇਰੀ ਬੀਬੀ

ਡੋਲ਼ੇ ਦਾ ਵਾਣ ਪੁਰਾਣਾ ਨੀ
ਨਾ ਰੋ ਨੀ ਮੇਰੀ ਬੀਬੀ
ਧੀਆਂ ਦਾ ਧੰਨ ਬੇਗਾਨਾ।

ਡੋਲ਼ੇ ਨੂੰ ਲੱਗੜੇ ਰੱਸੇ
ਨੀ ਨਾ ਰੋ ਨੀ ਮੇਰੀ ਬੀਬੀ
ਤੂੰ ਰੋਵੇਂ ਜੱਗ ਹੱਸੇ।

ਡੋਲ਼ੇ ਨੂੰ ਲੱਗੜੇ ਤੀਰੇ
ਨੀ ਨਾ ਰੋ ਨੀ ਮੇਰੀ ਬੀਬੀ
ਤੈਨੂੰ ਵਿਦਿਆ ਕਰੇਂਦੇ ਤੇਰੇ ਵੀਰੇ।

ਡੋਲੇ ਨੂੰ ਲੱਗੜੇ ਨਾਪੇ
ਨੀ ਨਾ ਰੋ ਨੀ ਮੇਰੀ ਬੀਬੀ
ਤੈਨੂੰ ਵਿਦਿਆ ਕਰੇਂਦੇ ਤੇਰੇ ਮਾਪੇ।

ਡੋਲੇ ਨੂੰ ਲੱਗੜੇ ਕਾਨੇ
ਨੀ ਨਾ ਰੋ ਨੀ ਮੇਰੀ ਬੀਬੀ
ਤੈਨੂੰ ਵਿਦਿਆ ਕਰੇਂਦੇ ਤੇਰੇ ਮਾਮੇ।

ਵਧਾਈ ਤੇ ਪੁੱਤਰ ਜੰਮਣ ਦੇ ਗੀਤ

ਸੋਹਲੜੇ

ਵੀਰਾਂ ਦੇ ਸੋਹਲੜੇ
ਭੈਣਾਂ ਆਈਆਂ
ਭਰਾਵਾਂ ਦੇ ਸੋਹਲੜੇ
ਧੰਨ ਜਸ ਅੰਬੜੀਏ
ਸੱਦ ਬੁਲਾਈਆਂ, ਵੇ ਧੰਨ ਜਸ
ਧੰਨ ਜਸ ਸੱਸੜੀਏ
ਜਿੰਨੇ ਘਲਾਈਆਂ, ਵੇ ਧੰਨ ਜਸ।
ਧੰਨ ਜਸ ਗੱਡੀਆਂ
ਜਿਸ ਚੜ੍ਹ ਆਈਆਂ, ਵੇ ਧੰਨ ਜਸ।
ਘੋਲ਼ੋ ਸ਼ਰਬਤੇ
ਪੀਣ ਤਿਹਾਈਆਂ
ਵੇ ਘੋਲ਼ੋ।
ਕੁੱਟੋ ਚੂਰੀਆਂ
ਖਾਣ ਭੁਖਾਈਆਂ
ਵੇ ਕੁੱਟੋ।
ਝੱਲੋ ਪੱਖੜੀਆਂ
ਗਰਮੀਆਂ ਆਈਆਂ
ਵੇ ਝੱਲੋ।
ਡਾਹੋ ਪਲੰਘ ਰੱਤੇ
ਨੀਂਦਾਂ ਆਈਆਂ
ਵੇ ਡਾਹੋ।

ਕੋਠੇ ਉੱਤੇ ਕੋਟ

ਲਾਲਾ ਕੋਠੇ ਦੇ ਉੱਪਰ ਕੋਟ ਕਿੰਨ ਉਸਾਰਿਆ।
ਕੋਠੇ ਦੇ ਉੱਪਰ ਕੋਟ ਕਿ ਰਾਮ ਉਸਾਰਿਆ।

ਬਾਗ਼ ਦੇ ਉੱਪਰ ਬਾਗ਼ ਮਾਲੀ ਚੰਬਾ ਲਾਇਆ।
ਪੁੱਤ ਦੇ ਉੱਪਰ ਪੁੱਤ ਸੁਹਾਗਣ ਜਾਇਆ।

ਮਾਈ ਨੂੰ ਸੱਦ ਲਿਆਉ ਨਾਜੋ ਤੇਰਾ ਕੀ ਨੀ ਦੂਖੇ।
ਦਾਈ ਨੂੰ ਸੱਦ ਲਿਆਉ ਕਲੇਜੇ ਦਰਦ ਹੋਵੇ।

ਆਪ ਘੋੜੇ ਅਸਵਾਰ ਪਿੱਛੇ ਚੀਰੇਦਾਰ।
ਅੱਗੇ ਦੋ ਨਫ਼ਰ ਹੋਏ

ਪੁੱਛਦਾ ਨਗਰ ਬਾਜ਼ਾਰ ਦਾਈ ਮਾਈ ਕਿਹੜੇ ਘਰੇ?
ਅੰਙਣ ਚੰਬੇ ਦਾ ਬੂਟ ਖੇਲੰਦੜਾ ਪੂਤ ਦਾਈ ਮਾਈ ਓਹੋ ਘਰੇ।

ਜੇ ਘਰ ਜੰਮੇਗਾ ਪੁੱਤ ਦਾਈ ਮਾਈ ਕੀ ਜੀ ਮਿਲੇ ।
ਪੰਜ ਰੁਪੱਈਏ ਰੋਕ ਸਿਰੇ ਨੂੰ ਚੋਪ ਦਾਈ ਮਾਈ ਇਹ ਮਿਲੇ।

ਆਪ ਘੋੜੇ ਅਸਵਾਰ ਦਾਈ ਮਾਈ ਪਾਲਕੀਆਂ।
ਦਾਈ ਮਾਈ ਦਰਵਾਜ਼ੇ ਨੌਬਤ ਬਾਜੇ
ਬੜੇ ਬੜੇ ਸ਼ਗਨ ਹੋਏ।

ਜੱਚਾ ਰਾਣੀ ਆ ਪਲੰਘ ਤੇ ਲੇਟ ਮਲ਼ਾਂ ਤੇਰਾ ਪੇਟ
ਹੋਲਰ ਤੇਰਾ ਜਨਮ ਹੋਵੇ।
ਜੱਚਾ ਰਾਣੀ ਸੱਦ ਤੂੰ ਆਪਣਾ ਢੋਲ ਕਰੇ ਪੂਰਾ ਬੋਲ
ਦਾਈ ਮਾਈ ਵਿਦਿਆ ਕਰੋ।

ਦਾਈ ਨੀ ਪੁੱਤ ਦਿੱਤਾ ਕਰਤਾਰ ਜਾਇਆ ਮੇਰੀ ਨਾਰ
ਤੁਸਾਂ ਸਾਡਾ ਕੀ ਜੀ ਕੀਤਾ।
ਪੰਜ ਰੁਪੱਈਏ ਰੋਕ ਨਗਾਰੇ ਦੀ ਚੋਟ ਦਾਈ ਮਾਈ ਵਿਦਿਆ ਕਰੋ।

ਪੁੱਤਰ ਹੱਟਾਂ 'ਤੇ ਨਹੀਂ ਵਿਕਦੇ

ਬੀਬੀ ਅੱਧੀ ਅੱਧੀ ਰਾਤੀਂ ਤੇ ਪਿਛਲਾ ਈ ਪਹਿਰ
ਕਿਸ ਘਰ ਮੰਡਲ ਵੇ ਵੱਜਿਆ।

ਗੋਰੀਏ ਰਾਜੇ ਦੀ ਨਗਰੀ ਤੇ ਵੱਸੇ ਸਾਰਾ ਦੇਸ
ਮੈਂ ਕੀ ਜਾਣਾ ਕਿਹਦੇ ਨੀ ਵੱਜਿਆ।

ਬੀਬਾ ਭੈਣ ਤੁਹਾਡੀ ਗਾਂਦੀ ਏ ਗੀਤ
ਨਾਮ ਤੁਹਾਡਾ ਜੀ ਲੈਂਦੀ ਏ।

ਗੋਰੀਏ ਵੱਡੇ ਵੀਰੇ ਦੇ ਘਰ ਜੰਮਿਆਂ ਏ ਬਾਲ
ਉਸ ਘਰ ਮੰਡਲ ਜੀ ਵੱਜਿਆ।

ਬੀਬਾ ਕਾਹੇ ਦਾ ਮੰਡਲ ਕਾਹੇ ਦੀ ਡੋਰ
ਕਾਹੇ ਦੇ ਕਾਰਣ ਜੀ ਵੱਜਿਆ।

ਗੋਰੀਏ ਸੋਨੇ ਦਾ ਮੰਡਲ ਤੇ ਰੇਸ਼ਮ ਦੀ ਡੋਰ
ਨੈਣਾਂ ਦੇ ਕਾਰਣ ਜੀ ਵੱਜਿਆ।

ਬੀਬਾ ਭੰਨ ਸੁੱਟਾਂ ਮੰਡਲ ਤੇ ਕਰਾਂ ਡੱਕਰੇ ਚਾਰ।
ਮੈਂ ਘਰ ਮੰਡਲ ਨਹੀਂ ਵੱਜਿਆ।

ਬੀਬਾ ਭੰਨ ਸੁੱਟਾਂ ਮੰਡਲ ਤੇ ਕਰਾਂ ਡੱਕਰੇ ਚਾਰ।
ਮੈਂ ਘਰ ਮੰਡਲ ਨਹੀਂ ਵੱਜਿਆ।

ਗੋਰੀਏ ਨਾ ਭੰਨ ਮੰਡਲ ਨਾ ਕਰ ਡੱਕਰੇ ਚਾਰ
ਕਰਮਾਂ ਦੀ ਸੇਤੀ ਨੀ ਵੱਜਿਆ।

ਬੀਬਾ ਪੁੱਤਰਾਂ ਦੀਆਂ ਮਾਵਾਂ ਦੇ ਵੱਡੇ ਵੱਡੇ ਮਾਣ
ਮੈਂ ਵੇ ਕਿਸੇ ਦੀ ਕੀ ਲੱਗਦੀ

ਗੋਰੀਏ ਪੁੱਤਰਾਂ ਦੀਆਂ ਮਾਵਾਂ ਦੇ ਮੈਲੇ ਮੈਲੇ ਵੇਸ
ਤੇਰੇ ਉੱਪਰ ਸੋਹਣੇ ਨੀ ਕਾਸ਼ਣੀ।

ਬੀਬਾ ਲਾਹ ਸੁੱਟਾਂ ਸੂਹੇ
ਤੇ ਕਰਾਂ ਮੈਲਾ ਵੇਸ
ਪੁੱਤਰ ਲਿਆ ਦਿਉ ਜੀ ਮੁੱਲ ਦਾ।

ਗੋਰੀਏ ਰੀਸੀਂ ਰੀਸੀਂ ਕੱਤਿਆ ਏ ਸੂਤ
ਰੀਸੀਂ ਤੇ ਪੁੱਤਰ ਨਈਂ ਜੰਮਦੇ।

ਵੇ ਤੂੰ ਚੱਲ ਮੇਰਾ ਕੌਂਤਾ ਚੱਲੀਏ ਬਾਜ਼ਾਰ
ਪੁੱਤਰ ਲਿਆਈਏ ਜੀ ਮੁੱਲ ਦਾ।

ਗੋਰੀਏ ਹੱਟੀ ਵਿਕੇ ਚਣਿਆਂ ਮਸਰਾਂ ਦੀ ਦਾਲ
ਪੁੱਤਰ ਹੱਟਾਂ ਵਿੱਚ ਨਈਂ ਵਿਕਦੇ।

ਗੋਰੀਏ ਇੱਕ ਲੱਖ ਦਿਆਂ ਮੈਂ ਦਿਆਂ ਲੱਖ ਚਾਰ
ਪੁੱਤਰ ਹੱਟਾਂ ਵਿੱਚ ਨਹੀਂ ਵਿਕਦੇ।

ਫੁੱਲਝੜੀਆਂ

ਨਣਦ ਤੇ ਭਾਬੋ ਬੈਠੀਆਂ ਕੀਤੇ ਕੌਲ ਕਰਾਰ
ਜੇ ਘਰ ਜੰਮੇਗਾ ਗੀਗੜਾ ਨੀ ਬੀਬੀ ਦੇਵਾਂਗੀ ਫੁੱਲਝੜੀਆਂ।
ਅੱਧੀ ਅੱਧੀ ਰਾਤੀਂ ਤੇ ਪਿਛਲਾ ਈ ਪਹਿਰ ਮੇਰੀ ਭਾਬੋ ਨੇ ਗੀਗੜਾ ਜੀ ਜੰਮਿਆ।
ਲੈ ਨੀ ਭਾਬੋ ਦੇ ਫੁੱਲਝੜੀਆਂ ਅੜੀਏ ਪੂਰਾ ਤੇ ਹੋਇਆ ਈ ਕਰਾਰ।
ਨਾ ਤੇਰੇ ਬਾਪ ਘੜਾਈਆਂ ਬੀਬੀ ਨਾ ਤੇਰੇ ਵੱਡੜੇ ਵੀਰ।
ਫੁੱਲਝੜੀਆਂ ਬਾਦਸ਼ਾਹਾਂ ਦੇ ਵਿਹੜੇ ਬੀਬੀ ਸਾਡੇ ਨਾ ਫੁੱਲਝੜੀਆਂ।
ਤੇਵਰਾਂ ਵਿੱਚੋਂ ਜੋ ਤੇਵਰ ਚੰਗੇਰਾ
ਪੀਆ ਸੋ ਮੇਰੀ ਨਣਦ ਨੂੰ ਦੇ।
ਤੇਵਰ ਬੇਵਰ ਘਰ ਰੱਖ ਭਾਬੋ ਨੀ ਮੈਂ ਲੈਣੀਆਂ ਫੁੱਲਝੜੀਆਂ।
ਗਹਿਣਿਆਂ ਵਿੱਚੋਂ ਗਹਿਣਾ ਆਰਸੀ ਵੇ ਪੀਆ ਸੋ ਮੇਰੀ ਨਣਦ ਨੂੰ ਦੇ।
ਆਰਸੀ ਪਾਰਸੀ ਘਰ ਰੱਖ ਭਾਬੋ ਨੀ ਮੈਂ ਲੈਣੀਆਂ ਫੁੱਲਝੜੀਆਂ।
ਕਾਲ਼ੀਆਂ ਵਿੱਚੋਂ ਬੂਰੀ ਚੰਗੇਰੀ ਏ ਪੀਆ ਸੋ ਮੇਰੀ ਨਣਦ ਨੂੰ ਦੇ।
ਕਾਲ਼ੀਆਂ ਬੂਰੀਆਂ ਘਰ ਰੱਖ ਭਾਬੋ ਨੀ ਮੈਂ ਲੈਣੀਆਂ ਫੁੱਲਝੜੀਆਂ।
ਰੁੱਸੀ ਰੁੱਸੀ ਨਣਦ ਆ ਗਈ ਵੇ ਪੀਆ ਲੰਘ ਗਈ ਦਰਿਆ।
ਦਰਾਣੀਆਂ ਜਠਾਣੀਆਂ ਪੁੱਛਣ ਲੱਗੀਆਂ ਕੀ ਕੁਝ ਲਿਆਈ ਏਂ ਵਧਾਈ
ਅੜੀਓ ਵੀਰੇ ਤੇ ਮੇਰਾ ਰਾਜੇ ਦਾ ਨੌਕਰ ਭੈਣੋਂ ਭਾਬੀ ਨੇ ਜੰਮੀ ਏਂ ਧੀ।
ਬਾਰੀਂ ਬਰਸੀਂ ਵੀਰ ਖੱਟ ਘਰ ਆਇਆ ਭੈਣੋਂ ਰੁਠੜੀ ਭੈਣ ਮਨਾਈ।
ਥਾਲ ਭਰਿਆ ਸੁੱਚੇ ਮੋਤੀਆਂ ਨੀ ਭੈਣੋਂ ਉੱਪਰ ਫੁੱਲਝੜੀਆਂ।
ਲੈ ਨੀ ਬੀਬੀ ਦੇ ਅਸੀਸਾਂ ਅੜੀਏ ਪੂਰਾ ਤੇ ਹੋਇਆ ਕਰਾਰ।
ਭਾਈ ਭਤੀਜਾ ਮੇਰਾ ਜੁੱਗ ਜੁੱਗ ਜੀਵੇ ਮੇਰੀ ਭਾਬੋ ਦਾ ਅਟਲ ਸੁਹਾਗ।

ਭੈਣ-ਭਰਾਵਾਂ ਦੇ ਗੀਤ

(ਨਮੂਨੇ ਦੇ ਤੌਰ 'ਤੇ ਥੋੜ੍ਹੇ ਜਿਹੇ ਭੈਣ-ਭਰਾਵਾਂ ਦੇ ਗੀਤ ਦਿੱਤੇ ਜਾਂਦੇ ਨੇ। ਮਜ਼ਮੂਨ ਡਾਹਢੇ ਮਿੱਠੇ ਤੇ ਸਾਦੇ ਨੇ। ਜ਼ਬਾਨ ਸੁੱਚਿਆਂ ਮੋਤੀਆਂ ਵਰਗੀ ਏ। ਆਮ ਤੌਰ 'ਤੇ ਕੁੜੀਆਂ ਚਰਖ਼ੇ ਕੱਤਣ ਲੱਗੀਆਂ ਤ੍ਰਿੰਞਣ ਵਿੱਚ ਆ ਕੇ ਗਾਉਂਦੀਆਂ ਨੇ।)

ਵੇ ਵਿਛੋੜਾ ਮੰਦਾ

ਮੇਰੀ ਉਂਗਲੀ ਚੀਰੀ ਨੀ ਕੋਈ ਦੱਸੋ ਦਾਰੂ।
ਵੀਰ ਆਉਂਦਾ ਜੋ ਸੁਣਿਆ ਉਂਗਲੀ ਅੱਛੀ ਸਈਓ।
ਵੀਰਾ ਕਣਕ ਮੰਗਾਨੀਆਂ ਸਾਢੇ ਸੱਠ ਮਣ।
ਵੀਰਾ ਪੀਹਣ ਕਰਾਨੀਆਂ ਮੋਤੀਆਂ ਵਰਗਾ।
ਵੀਰਾ ਆਟਾ ਪੀਸਾਨੀਆਂ ਬੂਰੇ ਵਰਗਾ।
ਵੀਰਾ ਆਟਾ ਗੁੰਨ੍ਹਨੀਆਂ ਮਲ਼ਾਈ ਵਰਗਾ।
ਵੀਰਾ ਪੇੜੇ ਕਰਾਨੀਆਂ ਆੜੂਆਂ ਜਿੱਡੇ।
ਵੀਰਾ ਲੂਚੀ ਤਲਾਵਾਂ ਵੇ ਕੋਈ ਥਾਲ ਜਿੱਡੀ।
ਸਈਓ ਸਹੇਲੀਓ ਨੀ ਵੀਰ ਰੋਟੀ ਖਾਵੇ।
ਵੀਰ ਖਾਣ ਆਇਆ ਨਾਲ ਸੱਠ ਜਣੇ
ਵੀਰ ਖਾਣ ਬੈਠਾ ਪੱਖਾ ਝੱਲ ਭੈਣੇ।
ਵੀਰ ਖਾ ਕੇ ਉੱਠਿਆ ਕੁਝ ਮੰਗ ਲੈ ਭੈਣੇ।
ਵੀਰਾ ਸਭ ਕੁਝ ਬਥੇਰਾ ਵੇ ਵਿਛੋੜਾ ਮੰਦਾ।

ਚੱਲਿਆਂ ਬੀਬੀ ਤੇਰੇ ਪੇਕੜੇ

ਕਿੱਥੇ ਤੂੰ ਚੱਲਿਆਂ ਵੇ ਕਾਲ਼ਿਆ
ਕਿੱਥੇ ਕੋ ਚੱਲਿਆਂ ਕਾਵਾਂ ਹੋ।

ਚੱਲਿਆਂ ਬੀਬੀ ਤੇਰੇ ਪੇਕੜੇ
ਕੋਈ ਸਨੇਹਾ ਸਨੇਹੜਾ ਦੇ ਛੱਡ ਨੀ।

ਆਖਣਾ ਮੇਰੀ ਮਾਂ ਰਾਣੀ ਨੂੰ
ਧੀਆਂ ਕਿਉਂ ਦਿੱਤੀਆਂ ਦੂਰ ਮੈਂ ਵਾਰੀ।

ਮੈਂ ਨਾ ਦਿੱਤੀਆਂ ਵੇ ਕਾਲ਼ਿਆ
ਦਿੱਤੀਆਂ ਧੀਆਂ ਬਾਪ ਮੈਂ ਵਾਰੀ।

ਸੁਣ ਵੇ ਬਾਪ ਵੇ ਰਾਜਾ
ਧੀਆਂ ਕਿਉਂ ਦਿੱਤੀਆਂ ਦੂਰ ਮੈਂ ਵਾਰੀ।

ਮੈਂ ਨਾ ਦਿੱਤੀਆਂ ਵੇ ਕਾਲ਼ਿਆ
ਦਿੱਤੀਆਂ ਭੈਣਾਂ ਦੇ ਵੀਰ ਮੈਂ ਵਾਰੀ।

ਸੁਣ ਵੇ ਵੀਰ ਜੀ ਰਾਜਾ
ਭੈਣਾਂ ਕਿਉਂ ਦਿੱਤੀਆਂ ਦੂਰ ਮੈਂ ਵਾਰੀ।

ਮੈਂ ਨਾ ਦਿੱਤੀਆਂ ਵੇ ਕਾਲ਼ਿਆ
ਦਿੱਤੀਆਂ ਭੈਣਾਂ ਦੇ ਲੇਖ ਮੈਂ ਵਾਰੀ।

ਅੱਜ ਬਣਾਵਾਂ ਚੰਦੋਂੜੀਆ
ਭਲਕੇ ਸੂਹੀਆਂ ਚੁੰਨੜੀਆਂ
ਪਰਸੋਂ ਭੈਣਾਂ ਦੇ ਕੋਲ ਮੈਂ ਵਾਰੀ।

ਸੱਸ ਪਿਸਾਵੇ ਚੱਕੋੜੀਆਂ
ਸਹੁਰਾ ਘੁਟਾਵੇ ਭੰਗ ਮੈਂ ਵਾਰੀ।

ਸੱਸ ਜੁ ਲਹਾ ਲਈਆਂ ਚੰਦੋੜੀਆਂ
ਸਹੁਰੇ ਲਹਾ ਲਏ ਬੰਦ ਮੈਂ ਵਾਰੀ।

ਜਾਂਦਾ ਵਿਹੜੇ ਜਾ ਵੜਿਆ
ਡੁੱਲ੍ਹ ਪਏ ਭੈਣਾਂ ਦੇ ਨੈਣ ਮੈਂ ਵਾਰੀ।

ਸਿਰ ਦਾ ਚੀਰਾ ਪਾੜ ਕੇ
ਪੂੰਝਾਂ ਭੈਣਾਂ ਦੇ ਨੈਣ ਮੈਂ ਵਾਰੀ।

ਭੰਗ ਦਾ ਬੂਟਾ ਪੁੱਟ ਸੁੱਟਾਂ
ਚੱਕੀ ਦੇ ਟੋਟੇ ਚਾਰ ਵੇ ਮੈਂ ਵਾਰੀ।

ਨੀਲਾ ਘੋੜਾ ਵੇਚ ਕੇ
ਬਣਾ ਦਿਆਂ ਭੈਣਾਂ ਨੂੰ ਚੰਦ ਮੈਂ ਵਾਰੀ।

ਗਲ਼ ਦਾ ਕੰਠਾ ਵੇਚ ਕੇ
ਲੈ ਦਿਆਂ ਭੈਣਾਂ ਨੂੰ ਬੰਦ ਮੈਂ ਵਾਰੀ।

ਅੰਮਾਂ ਜਾਇਆ ਵੀਰ

ਸੰਝ ਪਈ ਤਰਕਾਲਾਂ ਪਈਆਂ ਝਿਮੀਂ ਉੱਤੇ ਬੂੰਦਾਂ ਪਈਆਂ।
ਚਾਰੇ ਚਰਖ਼ੇ ਚੁੱਕੋ ਸਹੇਲੀਓ ਤਾਰਿਆਂ ਝਿਲਮਿਲ ਲਾਈ।
ਉੱਠ ਕੁੜੇ ਤੂੰ ਕਿਹੜੀ ਕੁੜੇ ਵੀਰ ਤੇਰਾ ਈ ਆਇਆ।
ਆਉਂਦੜਾ ਚੜ੍ਹ ਪਲੰਘੇ ਬਹਿੰਦਾ ਲੱਸੀ ਕੱਚੀ ਦਾ ਤ੍ਰਿਹਾਇਆ।
ਲੱਸੀ ਕੱਚੀ ਮੇਰੀ ਵਰਤੀ ਜਾਂਦੀ ਕੜ੍ਹਿਆ ਦੁੱਧ ਪਿਆਇਆ।
ਪੀ ਲੈ ਪੀ ਲੈ ਅੰਮਾਂ ਜਾਇਆ ਲੱਪ ਕੁ ਮਿੱਠਾ ਪਾਇਆ।
ਹੇਠਾਂ ਗੜਵਾ ਉੱਤੇ ਕਟੋਰਾ ਪੀ ਮੇਰੀ ਅੰਮਾਂ ਜਾਇਆ।
ਆਂਢਣਾਂ-ਗਵਾਂਢਣਾ ਪੁੱਛਣ ਲੱਗੀਆਂ ਵੀਰਾ ਕੀ ਕੁਝ ਲਿਆਇਆ।
ਝੱਗਾ ਚੁੰਨੀ ਮਹਿੰਦੀ ਮੌਲ਼ੀ ਸਿਰ ਨੂੰ ਫੁੱਲ ਲਿਆਇਆ।

ਉਬਲ ਉਬਲ ਵਲਟੋਹੀਏ

ਉੱਬਲ ਉੱਬਲ ਵਲਟੋਹੀਏ ਨੀ ਲੱਪ ਚਾਵਲਾਂ ਦੀ ਪਾਵਾਂ ਨੀ।
ਜੇ ਵੀਰ ਡਿੱਠਾ ਆਉਂਦਾ ਲੱਪ ਹੋਰ ਵੀ ਪਾਵਾਂ ਨੀ।
ਜੇ ਵੀਰ ਆਇਆ ਰੋੜੇ ਰੋੜੇ ਹੂੰਝ ਸੁਟਾਵਾਂ।
ਜੇ ਵੀਰ ਆਇਆ ਗਲੀਆਂ ਪੱਟ ਦਰੀਆਂ ਵਛਾਵਾਂ।
ਜੇ ਵੀਰ ਆਇਆ ਦਰਵਾਜ਼ੇ ਓਥੇ ਵਾਜੇ ਵਜਾਵਾਂ।
ਜੇ ਵੀਰ ਆਇਆ ਡਿਉੜੀ ਡਿਉੜੀ ਸ਼ੀਸ਼ੇ ਜੜਾਵਾਂ।
ਜੇ ਵੀਰ ਆਇਆ ਵਿਹੜੇ ਵਿਹੜੇ ਭਾਗੀਂ ਭਰਿਆ।
ਜੇ ਵੀਰ ਆਇਆ ਵਿਹੜੇ ਰੱਤਾ ਪਲੰਘ ਡੁਹਾਵਾਂ।
ਜੇ ਵੀਰ ਮੰਗੇ ਵਛੌਣਾ ਲੱਠਾ ਖਾਸਾ ਵਛਾਵਾਂ।
ਜੇ ਵੀਰ ਮੰਗੇ ਪਾਣੀ ਬੂਰੀ ਮੱਝ ਚੁੰਘਾਵਾਂ।
ਜੇ ਵੀਰ ਮੰਗੇ ਰੋਟੀ ਗਰੀ ਛੁਹਾਰਾ ਖਲਾਵਾਂ।
ਜੇ ਵੀਰ ਬੈਠੇ ਚੌਂਕੇ ਭਾਂਡਿਆਂ ਰਿਸ਼ਮਾਂ ਛੱਡੀਆਂ
ਜੇ ਵੀਰ ਵੜਿਆ ਅੰਦਰ ਦੀਵਾ ਲਟ-ਲਟ ਬਲਿਆ।
ਜੇ ਵੀਰ ਚੜ੍ਹਿਆ ਕੋਠੇ ਬਾਲਾ ਚੰਦ ਵੀ ਚੜ੍ਹਿਆ।
ਜੇ ਵੀਰ ਮੋੜਿਆ ਪਾਸਾ ਲੱਠਾ ਖੜ ਖੜ ਖੜਿਆ।
ਜੇ ਸੱਸ ਮਾਰੀ ਬੋਲੀ ਵੀਰ ਟੱਪ ਘੋੜੇ ਚੜ੍ਹਿਆ।
ਹੇਠ ਵੀ ਵੇਖਣ ਰਾਣੀਆਂ ਉੱਤੋਂ ਵੇਖਣ ਰਾਜੇ।
ਧੰਨ ਵੀਰਾ ਤੇਰੀ ਮਾਂ ਜਿਨ ਤੂੰ ਪੁੱਤਰ ਜਣਿਆ।
ਨੱਕ ਕੁਨੜਾ ਤਲਵਾਰ ਮੱਥਾ ਘਾੜਵਾਂ ਘੜਿਆ।
ਧੰਨ ਵੀਰਾ ਤੇਰੀ ਭੈਣ ਜਿਨ ਤੈਨੂੰ ਗਲੀਓ ਖਿਡਾਇਆ।
ਧੰਨ ਵੀਰਾ ਤੇਰੀ ਦਾਈ ਜਿਨ ਮਲ਼ ਮਲ਼ ਨਵਾਇਆ।
ਧੰਨ ਵੀਰਾ ਤੇਰਾ ਵੀਰ ਜਿਨ ਬਾਜ਼ਾਰ ਖਿਡਾਇਆ।
ਧੰਨ ਵੀਰਾ ਤੇਰਾ ਬਾਪ ਵੇ ਜਿਨ ਪੜ੍ਹਨੇ ਪਾਇਆ।

ਭਰਾ ਦੀ ਉਡੀਕ

ਟਾਹਲਮ ਟਾਹਲੜੀਏ ਨੀ ਟਾਲ੍ਹੀਏ ਚੌਂਕਲੀ ਦਾਰ।
ਕਿਨ ਵੱਢ ਲਈਆਂ ਨੀ ਕਿਨ ਲਾਏ ਨੀ ਢੇਰ।
ਵੀਰੇ ਵੱਢ ਲਈਆਂ ਟਾਲ੍ਹੀਆਂ ਨੀ ਬਾਬਲ ਲਾਏ ਨੀ ਢੇਰ।
ਇਨ੍ਹਾਂ ਵੀਰਾਂ ਵਿੱਚੋਂ ਵੀਰ ਮੇਰਾ ਕਿਹੜਾ ਏ ਸ਼ੇਰ?
ਇਨ੍ਹਾਂ ਵੀਰਾ ਵਿੱਚੋਂ ਵੀਰ ਮੇਰਾ ਵੀਰਾ ਏ ਸ਼ੇਰ।
ਇਨ੍ਹਾਂ ਭੈਣਾਂ ਵਿੱਚੋਂ ਭੈਣ ਮੇਰੀ ਦਿਲੋ ਕੀ ਏ ਦੂਰ।
ਵੇ ਤੂੰ ਜਾ ਵੀਰਾ ਭੈਣ ਪਿਆਰੀ ਦੇ ਦੇਸ।
ਜਾਂਦਾ ਜਾਂਦਾ ਬੀਬੀ ਰੋਟੀ ਖਾਵਣ ਦੀ ਡੇਰ।
ਰੋਟੀ ਖਾਵਣ ਦੀ ਡੇਰ ਜੁੱਤੀ ਪਾਵਣ ਦੀ ਡੇਰ।
ਘੋੜਾ ਕੱਸਣ ਦੀ ਡੇਰ ਬੂਹਾ ਲੰਘਣ ਦੀ ਡੇਰ।
ਜੇ ਮੈਂ ਗਿਆ ਬੀਬੀ ਉੱਚਿਆਂ ਪਿੱਪਲਾਂ ਦੇ ਹੇਠ।
ਅੱਗੇ ਰੰਗ ਰੰਗੀਲਾ ਚਰਖ਼ਾ ਪਿੱਛੇ ਰੱਤੜਾ ਪੀਹੜਾ,
ਭੈਣ ਮੇਰੀ ਕੱਤਦੀ ਏ ਨਰਮੇ ਦਾ ਸੂਤ।

ਉੱਡਦਾ ਜਾਵੀਂ ਕਾਵਾਂ

ਉੱਡਦਾ ਤੇ ਜਾਈਂ ਕਾਵਾਂ ਬਹਿੰਦੜਾ ਜਾਈਂ
ਬਹਿੰਦੜਾ ਜਾਈਂ ਮੇਰੇ ਪੇਕੜੇ

ਇੱਕ ਨਾ ਦੱਸੀਂ ਮਾਂ ਰਾਣੀ ਨੂੰ
ਰੋਏਗੀ ਅੜਿਆ ਮੇਰੀਆਂ ਗੁੱਡੀਆਂ ਫੋਲ ਕੇ ਮੈਂ ਵਾਰੀ।

ਇੱਕ ਨਾ ਦੱਸੀਂ ਤੂੰ ਭੈਣ ਮੇਰੀ ਨੂੰ
ਰੋਏਗੀ ਭਰਿਆ ਤ੍ਰਿੰਞਣ ਵੇਖ ਕੇ ਮੈਂ ਵਾਰੀ।

ਇੱਕ ਨਾ ਦੱਸੀਂ ਭਾਬੋ ਮੇਰੀ ਨੂੰ
ਖਿੜ-ਖਿੜ ਹੱਸੂ ਪੇਕੇ ਜਾ ਕੇ ਮੈਂ ਵਾਰੀ।

ਇੱਕ ਨਾ ਦੱਸੀਂ ਬਾਪ ਮੇਰੇ ਨੂੰ
ਰੋਵੇਗਾ ਭਰੀ ਕਚਹਿਰੀ ਛੋੜ ਕੇ ਮੈਂ ਵਾਰੀ।

ਦੱਸੀਂ ਵੇ ਕਾਵਾਂ ਤੂੰ ਵੀਰ ਮੇਰੇ ਨੂੰ
ਆਊਗਾ ਨੀਲਾ ਘੋੜਾ ਜੋੜ ਕੇ ਮੈਂ ਵਾਰੀ।

ਮਾਸੀ ਨੀ ਮਾਸੀ ਤੈਨੂੰ ਕਰਨ ਮਰਾਸੀ
ਮੇਰੀ ਤੇ ਭੈਣ ਮੇਰੇ ਨਾਲ ਟੋਰ ਦੇ।

ਬੱਚਾ ਵੇ ਬੱਚਾ ਮੇਰੇ ਪੁੱਤਰ ਦਿਆ ਸਾਲਿਆ
ਤੁਸਾਂ ਭੈਣਾਂ ਭਰਾਵਾਂ ਸਾਡਾ ਕਿਹਾ ਜੀਅ ਸਾੜਿਆ
ਸਾਡਾ ਵੀ ਲੱਗਾ ਲਾਣਾ ਮੋੜ ਵੇ ਮੈਂ ਵਾਰੀ।

ਮਾਈ ਨੀ ਮਾਈ ਤੈਨੂੰ ਖੜ੍ਹਨ ਕਸਾਈ
ਸਾਡੀ ਤੇ ਭੈਣ ਦੁਖੀ ਕੀਤੀਆ ਮੈਂ ਵਾਰੀ।

ਬੱਚਾ ਵੇ ਬੱਚਾ ਮੇਰੇ ਪੁੱਤਰ ਦਿਆ ਸਾਲਿਆ
ਭੈਣ ਭਰਾਵਾਂ ਤੁਸਾਂ ਕਿਹਾ ਜੀਅ ਸਾੜਿਆ
ਆਪਣੀ ਭੈਣ ਘਰ ਲੈ ਜਾਈਂ ਮੈਂ ਵਾਰੀ।

ਚੰਨਾ ਵੇ ਤੇਰੀ ਚਾਨਣੀ

ਚੰਨਾ ਵੇ ਤੇਰੀ ਚਾਨਣੀ ਤਾਰਿਆ ਤੇਰੀ ਲੋਅ
ਚੰਦ ਪਕਾਵੇ ਰੋਟੀਆਂ ਤਾਰਾ ਕਰੇ ਰਸੋ।
ਚੰਨ ਦੀਆਂ ਰੋਟੀਆਂ ਮੈਂ ਖਾ ਲਈਆਂ ਤਾਰੇ ਦੀਆਂ ਰਹਿ ਗਈਆਂ ਦੋ।
ਸੱਸ ਜੋ ਮੈਨੂੰ ਆਖਿਆ ਤੂੰ ਘਿਉ ਵਿੱਚ ਮੈਦਾ ਗੋਅ।
ਘਿਉ ਵਿੱਚ ਮੈਦਾ ਥੋੜ੍ਹਾ ਪਿਆ ਨੀ ਸੱਸ ਮੈਨੂੰ ਗਾਲ਼ੀਆਂ ਦੇ।
ਨਾ ਦੇ ਸੱਸੇ ਗਾਲ਼ੀਆਂ ਏਥੇ ਮੇਰਾ ਕੌਣ ਸੁਣੇ।
ਮਹਿਲਾਂ ਹੇਠਾਂ ਮੇਰਾ ਬਾਪ ਖੜ੍ਹਾ ਸੁਣ-ਸੁਣ ਨੈਣ ਭਰੇ।
ਨਾ ਰੋ ਬਾਬਲ ਮੇਰਿਆ ਧੀਆਂ ਦੇ ਦੁੱਖ ਬੁਰੇ।
ਮਹਿਲਾਂ ਹੇਠਾਂ ਮੇਰੀ ਮਾਂ ਖੜ੍ਹੀ ਸੁਣ-ਸੁਣ ਨੈਣ ਭਰੇ।
ਨਾ ਰੋ ਅੰਬੜੀ ਮੇਰੀਏ ਧੀਆਂ ਦੇ ਦੁੱਖ ਬੁਰੇ।
ਮਾਮੇ ਦਾ ਪੁੱਤ ਭਰਾ ਕੋਲੋਂ ਦੀ ਲੰਘ ਗਿਆ।
ਜੇ ਵੀਰ ਹੁੰਦਾ ਆਪਣਾ ਨਦੀਆਂ ਚੀਰ ਮਿਲਦੇ।

ਛਿੱਕੇ ’ਤੇ ਦੋ ਮੱਖੀਆਂ

ਛਿੱਕੇ ’ਤੇ ਦੋ ਮੱਖੀਆਂ
ਮਾਏ ਉਹ ਵੀ ਉੱਡ ਗਈਆਂ।

ਪਿਉ ਘਰ ਦੋ ਧੀਵੜੀਆਂ
ਉਹ ਵੀ ਸਹੁਰੇ ਗਈਆਂ।

ਐਸੀ ਉਡਾਰੀ ਉੱਡੀਆਂ
ਮੁੜ ਨਈਂ ਆਣ ਵੜੀਆਂ।

ਮੈਂ ਸਿਰ ਤੇਰਾ ਵੇਖਾਂ ਮਾਏ
ਦੋ ਗਲੜੀਆਂ ਕਰ ਨੀ।

ਤੇਰੀਆਂ ਗਲੜੀਆਂ ਨੀ ਮਾਏ
ਮੇਰੇ ਮਨ ਚਿੱਤ ਲੱਗ ਰਹੀਆਂ।

ਦੂਰੋਂ ਆਈ ਸਾਂ ਚੱਲ ਕੇ ਮਾਏ
ਦਰ ਵਿੱਚ ਰਹੀਆਂ ਖਲੋ।

ਮੈਨੂੰ ਸੁੱਖ ਨਾ ਪੁੱਛਿਆ ਭਾਬੀਆਂ
ਮੈਨੂੰ ਵੀਰਿਆਂ ਨਾਂ ਆਖਿਆ ਬਹੁ।

ਵਿੱਚ ਕਚਹਿਰੀ ਬੈਠਾ ਵੀਰਾ
ਤੂੰ ਮੇਰੇ ਬਾਬਲ ਦੇ ਥਾਂ।

ਬਾਬਲ ਦੇਂਦਾ ਸੀ ਮੱਝੀਆਂ
ਤੂੰ ਦੇਵੀਂ ਮੈਨੂੰ ਗਾਂ।

ਪੀਹੜੇ ਬੈਠੀਏ ਭਾਬੋ ਨੀ
ਤੂੰ ਮੇਰੀ ਅੰਮਾ ਦੇ ਥਾਂ।

ਅੰਮਾ ਦੇ ਦਿੰਦੀ ਸੀ ਤੇਵੜੇ
ਤੂੰ ਮੈਨੂੰ ਚੁੰਨੜੀ ਦੇ।

ਸੇਰ ਕਸੁੰਭ ਮੰਗਾ ਮਾਏ
ਵੀਰਾਂ ਦੀਆਂ ਪੱਗਾਂ ਰੰਗੀਏ।

ਰੰਗ ਰੰਗ ਸੁੱਕਣੇ ਪਾ ਮਾਏ
ਮੈਂ ਵੀ ਸਾਲੂ ਨੀ ਰੰਗਣਾ।

ਰੰਗ ਰੰਗ ਪਟਾਰੀ ਪਾ ਮਾਏ
ਲੋਕੀਂ ਜਾਨਣ ਧੀਆਂ ਨੀ ਚੱਲੀਆਂ।

ਰਿੰਨ ਚੁਲਾਈ ਦਾ ਸਾਗ ਮਾਏ ਨੀ
ਨਿੱਕੀ ਨਿੱਕੀ ਚੀਰਨੀ ਨੀ ਚੀਰ।

ਸੇਰ ਕੁ ਮੱਖਣ ਪਾ ਮਾਏ
ਨਹੀਂ ਤੇ ਬਹਾਂਗੀ ਰੁੱਸ ਮਾਏ।

ਸੁਣੇਗਾ ਪਿਉ ਭਰਾ ਧੀਏ
ਰੁੱਸਣ ਕਿੱਥੋਂ ਨੀ ਸਿੱਖਿਉਂ।

ਰੁੱਸ ਰੁੱਸ ਬਹਿਣ ਸਹੇਲੀਆਂ
ਮਾਏ ਮੈਨੂੰ ਵੀ ਆਂਵਦਾ ਚਾਅ ਨੀ।

ਧੀਏ ਚਰਖ਼ਾ ਲੈ ਘਰ ਆ
ਮਾਵਾਂ ਧੀਆਂ ਨੀ ਕੱਤੀਏ।

ਮਾਏ ਤੂੰ ਬੁੱਢੀ ਮੈਂ ਮੁਟਿਆਰ
ਤੇਰਾ ਮੇਰਾ ਤ੍ਰਿੰਞਣ ਨਾ ਸਜੇ।

ਝੂਰੁਗੀ ਸਾਡੜੀ ਮਾਂ
ਜਿਨ ਧੀਆਂ ਨੀ ਤੋਰੀਆਂ।

ਮਾਏਂ ਝੂਰੂਗੀ ਚਿਟੜੀ ਰੋੜ,
ਜਿੱਥੇ ਖੇਹਨੂੰ ਨੀ ਖੇਡਿਆ।

ਮਾਏ ਝੂਰੂਗਾ ਉੱਚੜਾ ਪਿੱਪਲ
ਜਿੱਥੇ ਪੀਂਘਾਂ ਨੀ ਪਾਈਆਂ।

ਮਾਏ ਝੂਰੂਗਾ ਸਾਡਾ ਬਾਪ
ਜਿਨ੍ਹੇ ਧੀਆਂ ਨੀ ਤੋਰੀਆਂ।

ਮਾਏ ਝੂਰੂਗੀ ਸਾਡੀ ਭੈਣ
ਜਿਨ੍ਹੇ ਤ੍ਰਿੰਞਣ ਨਹੀਂ ਕੱਤਿਆ।

ਸੱਸੇ ਛਿੱਟ ਮਝੇਰੂ ਦੀ ਪਾ
ਅੱਜ ਨੂੰਹ ਆਈ ਨੀ ਪੀਹ ਕੇ।

ਨੂੰਹੇਂ ਘਿਉ ਖਾਣਾ ਪੇਕੇ ਜਾ
ਜਿੱਥੇ ਮੱਝਾਂ ਬੂਰੀਆਂ।

ਚੱਲ ਨੀ ਨਣਦੇ ਬਾਹਰ
ਆਪਾਂ ਦੋਵੇਂ ਨੀ ਚੱਲੀਏ।

ਤੂੰ ਬਹਿ ਜਾ ਬਾਹਰ
ਮੈਂ ਮਲ਼ ਮਲ਼ ਨੀ ਨਹਾਨੀ ਆਂ।

ਮੱਛੀਉ ਆਖਿਉ ਮੇਰੀ ਮਾਂ ਨੂੰ
ਚੂੜੇ ਵਾਲੀ ਧੀ ਡੱਬ ਮੋਈ।

ਵਾਟਾਂ ਲੰਮੀਆਂ ਮਾਏ
ਧੀਆਂ ਕਿਉਂ ਜੰਮੀਆਂ ਨੀ ਮਾਏ।

ਪਹਾੜੀ, ਪੋਠੋਹਾਰੀ ਤੇ ਲਹਿੰਦੀ ਗੀਤਾਂ ਦੇ ਨਮੂਨੇ

ਸ਼ਿਮਲਾ, ਕਾਂਗੜਾ, ਚੰਬਾ, ਜੰਮੂ ਤੇ ਹੋਰ ਪਹਾੜੀ ਇਲਾਕਿਆਂ ਦੀ ਬੋਲੀ ਪੰਜਾਬ ਦੇ ਵਿਚਲਿਆਂ ਜ਼ਿਲ੍ਹਿਆਂ ਦੀ ਬੋਲੀ ਨਾਲੋਂ ਕੁਝ ਜ਼ਰਾ ਵੱਖਰੀ ਹੈ, ਪਰ ਹੈ ਪੰਜਾਬੀ ਈ। ਪਹਾੜੀ ਬੋਲੀਆਂ ਦੇ ਗੀਤ ਬਹੁਤ ਹੀ ਮਿੱਠੇ ਤੇ ਮਨ ਭਾਵਨੇ ਹੁੰਦੇ ਨੇ। ਵੰਨਗੀ ਵਖਾਣ ਵਾਸਤੇ ਥੋੜ੍ਹੇ ਜਿਹੇ ਗੀਤ ਪਹਾੜੀ ਬੋਲੀ ਦੇ ਦਰਜ ਕੀਤੇ ਗਏ ਨੇ। ਇਨ੍ਹਾਂ ਗੀਤਾਂ ਦੀ ਤਰਜ਼ ਤੇ ਲਟਕ ਬਹੁਤ ਅੱਛੇ ਦਰਜੇ ਦੀ ਏ। ਕੁਝ ਗੀਤ ਪੋਠੋਹਾਰੀ ਤੇ ਲਹਿੰਦੀ ਜ਼ਬਾਨ ਦੇ ਨਮੂਨੇ ਵਾਸਤੇ ਦਰਜ ਕੀਤੇ ਜਾਂਦੇ ਨੇ।

ਏਡਣ ਏਡਣ ਭੁੱਲਿਆ ਵੇ (ਪਹਾੜੀ)

ਏਡਣ ਏਡਣ ਭੁੱਲਿਆ ਵੇ
ਕੋਹਲੂ ਨਵਾਂ ਸਵਾਂ ਗੜਿਆ ਸਪਾਹੀਆ
ਕੋਹਲੂ ਨਵਾਂ ਤੇ ਲੱਠ ਪੁਰਾਣੀ।
ਜਿੱਥੇ ਪਨੀਰੀਏ ਨੂੰ ਟੋਪੇ ਘਾ ਨੀ।
ਏਡਣ ਏਡਣ ਭੁੱਲਿਆ ਵੇ ਸਪਾਹੀਆ
ਪਰਨੀਏ ਨਹੀਂ

ਪਰਸੀ ਸੀ ਲੁਟਕੀ ਪਾਉਂਦੀ ਏ
ਕਿਆ ਮਿੱਠਾ ਮਿੱਠਾ ਗਾਉਂਦੀ ਏ ਵੇ ਸਪਾਹੀਆ
ਜਿਵੇਂ ਲੱਗੇ ਗੁੜੇ ਦੀ ਰੋੜੀ
ਅਸ ਤੁਸ ਕਿਸ ਭੜਵੇ ਦੀ ਚੋਰੀ
ਏਡਣ ਏਡਣ ਭੁੱਲਿਆ ਵੇ ਸਪਾਹੀਆ
ਪਰਨੀਏ ਨਹੀਂ।

ਪਰਸੀ ਸੀ
ਪਰ ਲੁਟਕੀ ਲੁਟਕੀ ਪਾਉਂਦੀ ਏ
ਕਿਹਾ ਕੌੜਾ ਕੌੜਾ ਲੱਗਨਾ ਏਂ ਵੇ ਸਪਾਹੀਆ
ਜਿਵੇਂ ਵੇ ਲੱਗੇ ਬਾਗ਼ੇ ਦੀ ਮੂਲੀ
ਅਸ ਤੁਸ ਕਿਸ ਭੜਵੇ ਦੀ ਚੋਰੀ।
ਏਡਣ ਏਡਣ ਭੁੱਲਿਆ ਵੇ ਸਪਾਹੀਆ
ਪਰਨੀਏ ਨਹੀਂ, ਪਰਸੀ
ਪਰ ਲੁਟਕੀ ਲੁਟਕੀ ਪਾਵੰਦੀ ਏ।

ਜੋਬਨ ਸੋਹਣਿਆਂ ਦਾ

ਜੋਬਨ ਸੋਹਣਿਆਂ ਦਾ ਛੇਜ ਰੰਗੀਲਿਆਂ ਦੀ।
ਜਿੰਦੇ ਮੇਰੀਏ ਨਥਲੀ ਘੜਾਈ ਦੇ
ਧਾੜਾ ਛੰਦਾ ਕੀਤਾ ਨਥਲੀ ਘੜਾਈ ਦੇ ਸੁਹਣਿਆਂ।
ਡੋਗਰਾ ਵੇ
ਬਿੰਦਲੂ ਲਟਕੇਗਾ
ਪਿਆਰਾ ਤਰਸੇਗਾ

ਧਾੜਾ ਛੰਦਾ ਕੀਤਾ ਸੋਹਣਿਆਂ ਚੂੜਾ ਵੇ ਘੜਾਈ ਦੇ।
ਡੋਗਰਾ ਵੇ
ਪੌਂਚੀ ਵੇ ਲਟਕੇਗੀ
ਪਿਆਰੀ ਤਰਸੇਗੀ
ਵੇ ਜੋਬਨ ਸੋਹਣਿਆਂ ਦੇ
ਛੇਜ ਰੰਗੀਲਿਆਂ ਦੀ।

ਧਾੜਾ ਛੰਦਾ ਕੀਤਾ ਧੀਆਂ ਦਿੱਤੇ ਰਜਾਈ ਵੇ
ਜਿੰਦ ਮੇਰੀਏ
ਪਾਲੇ ਠਰ ਰਹਿਆ
ਸੀਤੇ ਮਰ ਰਹਿਆ।
ਜੋਬਨ ਸੋਹਣਿਆਂ ਦਾ ਛੇਜ ਰੰਗੀਲਿਆਂ ਦੀ।

ਮਾਏ ਮੇਰਾ ਨਿੱਕਾ ਜਿਹਾ ਫੰਗਣੂੰ
ਧਾੜਾ ਛੰਦਾ ਕੀਤਾ
ਨਿੱਕਾ ਜਿਹਾ ਫੰਗਣੂੰ

ਬਾਲ ਅੰਞਾਣਾ
ਮੈਂ ਲੋਰੀਆਂ ਦੇ ਸੁਆਵਾਂ
ਜੋਬਨ ਸੋਹਣਿਆਂ ਦਾ
ਛੇਜ ਰੰਗੀਲਿਆਂ ਦੀ।

ਦਿਖੀ ਛੋੜੇ ਧਰਮ ਤੁਸਾਡੜੇ (ਪਹਾੜੀ)

ਭਲਾ ਮੇਰੇ ਪਿਆਰ ਦਾ
ਦਿਖੀ ਛੋੜੇ ਧਰਮ ਤੁਸਾਡੜੇ।

ਚੰਬੇ ਦੀ ਹੱਟੀ ਵਿੱਚ ਵਿਕਦੀ ਆ ਗੇਰੀ
ਭਲਾ ਮੇਰੇ ਪਿਆਰ ਦਾ ਪੁਲ ਲੰਘਣਾ ਕਿ ਬੇੜੀ
ਭਲਾ ਮੇਰੇ ਪਿਆਰ ਦਾ ਦਿਖੀ ਛੋੜੇ ਧਰਮ।

ਚੰਬੇ ਦੀ ਹੱਟੀ ਵਿੱਚ ਵਿਕਦੀ ਏ ਲੋਈ
ਭਲਾ ਮੇਰੇ ਪਿਆਰ ਦਾ ਅੱਜ ਪਰਦੇਸਣ ਹੋਈ
ਦਿਖੀ ਛੋੜੇ ਧਰਮ ਤੁਸਾਡੜੇ।

ਚੰਬੇ ਦੀ ਹੱਟੀ ਵਿੱਚ ਵਿਕਦੇ ਛੁਹਾਰੇ
ਭਲਾ ਮੇਰੇ ਪਿਆਰ ਦਾ ਲੱਗੀਆਂ ਦੇ ਪੰਥ ਨਿਆਰੇ
ਅੱਜ ਮੇਰੇ ਪਿਆਰ ਦਾ ਦਿਖੀ ਛੋੜੇ ਧਰਮ।

ਚੰਬੇ ਦੀ ਹੱਟੀ ਵਿੱਚ ਵਿਕਦਾ ਏ ਬੱਕਰਾ
ਭਲਾ ਮੇਰੇ ਪਿਆਰ ਦਾ ਬੰਗਲਾ ਪਵਾ ਦੇ ਸਾਨੂੰ ਵੱਖਰਾ
ਆ ਜਾ ਮੇਰੇ ਖੋਜਵਾ ਵੇ
ਦਿਖੀ ਛੋੜੇ ਧਰਮ ਤੁਸਾਡੜੇ।

ਮਾੜ੍ਹੇ ਕੀ ਮੰਦਾ ਬੋਲਣਾ ਨਾ

ਕਿਸੇ ਮਾੜ੍ਹੇ ਕੀ ਮੰਦਾ ਬੋਲਣਾ ਨਾ
ਚੰਦੇ ਕੀ ਚਾਨਣੀ ਚੰਦੇ ਕਨਾਂ
ਅੱਜ ਉੱਠ ਮੇਰੇ ਮੁੰਨੜੇ ਦੀਏ ਲਾੜੀਏ
ਨਥਲੂ ਵੀ ਝਿਲ ਗਿਆ
ਬਿੰਦਲੂ ਵੀ ਝਿਲ ਗਿਆ
ਟੋਕਰੂ ਲਈ ਜਾ ਬਾਲਣੇ ਕੀ
ਕਿਸੇ ਮਾੜ੍ਹੇ ਕੀ ਮੰਦਾ ਨਾ ਬੋਲਣਾ
ਚੰਦੇ ਕੀ ਚਾਨਣੀ ਚੰਦੇ ਕਨਾਂ।

ਖੂਹਾ ਗੜੇਂਦਿਆਂ ਮੈਂਡੀ ਬਾਂਹ (ਲਹਿੰਦੀ)

ਖੂਹਾ ਗੜੇਂਦਿਆਂ ਮੈਂਡੀ ਬਾਂਹ ਰਜਾਣੀ
ਵੱਤ ਨਾ ਪੀਆਂ ਵੇ ਯਾਰ ਤੈਂਡੇ ਖੂਹੇ ਦਾ ਪਾਣੀ

ਪੀਆ ਜਿੰਦ ਚਾ ਦੇਸਾਂ
ਸ਼ਾਲਾ ਯਾਰ ਮਿਲਾ ਦੇ
ਸ਼ਾਲਾ ਸਾਰ ਮੇਲੇ
ਲੰਘ ਪਾਰ ਵੈਸਾਂ ਚੀਰ ਜੰਗਲ ਬੇਲੇ।

ਖੂਹ ਗੜੇਂਦਿਆਂ ਉੱਟ ਪਈ ਜ਼ੰਜੀਰੀ
ਇੱਕ ਦੇਸ ਬਗਾਨਾ, ਭੱਠ ਪਵੇ ਫ਼ਕੀਰੀ।

ਪੀਆ ਜਿੰਦ ਚਾ ਦੇਸਾਂ
ਡਾਹਢੀ ਮਾਂਦੀ ਪਈਆਂ
ਅੱਲ੍ਹਾ ਯਾਰ ਮੇਲੇ
ਲੰਘ ਪਾਰ ਵੈਸਾਂ ਚੀਰ ਜੰਗਲ ਬੇਲੇ।

ਤਾਰੀ ਸੱਜਣਾ

ਤਾਰੀ ਸੱਜਣਾ
ਤੁਧ ਬਿਨ ਢੱਠੀਆਂ
ਮੈਂ ਈ ਮਰ ਸਹਿਮੀਆਂ।

ਮੈਨੂੰ ਚਕਣੇ ਨਾ ਦੇਂਦਾ ਢੋਲ ਸਪਾਹੀਆ
ਕੰਨਾਂ ਦੀਆਂ ਡੰਡੀਆਂ ਮੈਂ ਲਾਹੀ ਦਿੱਤੀਆਂ।
ਜਦੋਂ ਲਾਹੀ ਦਿੱਤੀਆਂ ਮੁੱਕ ਗਈਆਂ ਭੰਡੀਆਂ।

ਰਾਜੇ ਦਿਆ ਨੌਕਰਾ ਅਸਲ ਬੰਦੂਕੀਆ।
ਘਰ ਘਰ ਰਮਜ਼ਾਂ ਤੇਰੀਆਂ
ਰਾਤੇ ਦਾ ਵੰਜਣਾ ਤੋਈਏ ਦਾ ਲੰਘਣਾ
ਤਾਰੀ ਸਜਣਾ
ਤੁਥ ਬਿਨ ਰਾਤਾਂ ਹੋ ਗਈਆਂ ਲੰਮੀਆਂ।

ਵੀਣੀ ਮੈਂਡੀ ਪਤਲੀ ਏ

ਆਖੀਂ ਮੇਰੇ ਲਾਲ ਨੂੰ
ਅਸਾਂ ਵੰਙਾਂ ਚੜ੍ਹਾਵਣੀਆਂ
ਵੀਣੀ ਮੈਂਡੀ ਪਤਲੀ ਏ।

ਆਪੇ ਭੱਜ ਜਾਣਗੀਆਂ
ਠੋਕਰ ਲੱਗਦੀ ਏ
ਅਸੀਂ ਹੋਰ ਚੜ੍ਹਾਵਣੀਆਂ
ਸ਼ੁਹਰਤ ਜੱਗ ਦੀ ਏ।

ਆਖੀਂ ਮੇਰੇ ਲਾਲ ਨੂੰ
ਸਾਨੂੰ ਘੱਲੇ ਫੁੱਲਾਂ ਦੇ ਹਾਰ।
ਵੰਙਾਂ ਚੜ੍ਹਾਵਣੀਆਂ

ਨਾ ਭੀੜੇ ਨਾ ਮੋਕਲੇ
ਛਾਤੀ ਦਾ ਸ਼ੰਗਾਰ
ਵੀਣੀ ਮੈਂਡੀ ਪਤਲੀ ਏ।
ਜੇ ਟੁਰ ਚੱਲਿਆਂ ਚਾਕਰੀ,
ਸਾਨੂੰ ਲੈ ਚੱਲ ਨਾਲ
ਵੀਣੀ...

ਤੂੰ ਕਰੇਂਗਾ ਚਾਕਰੀ
ਮੈਂ ਕੱਢਾਂ ਰੁਮਾਲ,
ਵੰਙਾਂ ਚੜ੍ਹਾਵਣੀਆਂ।

ਕੀ ਟਕਾ ਤੇਰੀ ਚਾਕਰੀ
ਕੀ ਟਕਾ ਤੈਨੂੰ ਰੁਮਾਲ।
ਵੰਙਾਂ...

ਇੱਕ ਟਕਾ ਤੇਰੀ ਚਾਕਰੀ
ਲੱਖ ਟਕਾ ਰੁਮਾਲ।
ਵੰਙਾਂ ਚੜ੍ਹਾਵਣੀਆਂ...

ਸੂਹੇ ਚੀਰੇ ਵਾਲਿਆ
ਤੂੰ ਚੀਰਾ ਹੋਰ ਰੰਗਾ।
ਵੰਝਾਂ ਚੜ੍ਹਾਵਣੀਆਂ...

ਉੱਚੀ ਢੱਕੀ ਘਰ ਸਾਹਮਣੇ
ਡਾਢੇ ਨਾਲ ਪ੍ਰੀਤ।
ਵੰਙਾਂ ਚੜ੍ਹਾਵਣੀਆਂ...

ਨਾ ਛੋਡੇ ਨਾ ਛੋਡੀਏ
ਨਾ ਛੋਡਣ ਦੀ ਨੀਤ
ਵੰਝਾਂ ਚੜ੍ਹਾਵਣੀਆਂ।

ਢੋਲਾ

ਆ ਢੋਲਾ ਕੁਝ ਕਰੀਏ ਤੈਂਡਾ ਸਾਫ਼ਾ ਹੱਟੀ ’ਤੇ ਧਰੀਏ
ਭੁੱਖੇ ਵੀ ਨਾ ਮਰੀਏ ਜੀਵੇਂ ਢੋਲਾ
ਢੋਲ ਕੱਸੀ ਦਾ
ਬਾਜਰੇ ਦੀ ਰੋਟੀ ਤੇ ਪਾਈਆ ਲੱਸੀ ਦਾ।

ਆ ਢੋਲਾ ਅੱਧਰਾਤੇ ਦੀਵਾ ਬਾਲਨੀਆਂ ਖ਼ਾਨਗਾਹ ’ਤੇ
ਤੇਰੀਆਂ ਮੰਨਤਾਂ ਜੀਵੇਂ ਢੋਲਾ
ਢੋਲ ਜਾਨੀ
ਸਾਡੀ ਗਲੀ ਆ ਤੇਰੀ ਮਿਹਰਬਾਨੀ।

ਬਾਜ਼ਾਰ ਵਿਕੇਂਦੀ ਤਕੜੀ ਮੈਂ ਸੁੱਕ ਸੁੱਕ ਹੋ ਗਈ ਲੋਕੜੀ
ਤੇਰਿਆਂ ਗ਼ਮਾਂ ਵਿੱਚ, ਜੀਵੇਂ ਢੋਲਾ
ਢੋਲ ਸਾਵਾਂ
ਦਫ਼ਾ ਕਰ ਨੌਕਰੀ ਕਟਾ ਲੈ ਨਾਵਾਂ।

ਉੱਚੀ ਮਾੜੀ ਦੁੱਧ ਪਈ ਰਿੜਕਾਂ
ਮੈਨੂੰ ਸਾਰੇ ਟੱਬਰ ਦੀਆਂ ਝਿੜਕਾਂ
ਤੇਰਾ ਵੇ ਦਿਲਾਸੜਾ, ਜੀਵੇਂ ਢੋਲਾ
ਢੋਲ ਕਮਲਾ
ਲੋਕ ਦੀਆਂ ਮਾੜੀਆਂ ਪਵਾ ਦੇ ਬੰਗਲਾ।

ਬਾਜ਼ਾਰ ਵਿਕੇਂਦੀਆਂ ਮਰਚਾਂ
ਲੈ ਟਿਕਟ ਗੱਡੀ ’ਤੇ ਚੜ੍ਹ ਸਾਂ
ਪਿੰਡੀ ਜਾ ਲਹਿਸਾਂ, ਜੀਵੇਂ ਢੋਲਾ
ਢੋਲ ਮੱਖਣਾ
ਦਿਲ ਪਰਦੇਸੀਆਂ ਦਾ ਰਾਜ਼ੀ ਰੱਖਣਾ।

ਨਾ ਵੰਝ ਨਾ ਵੰਝ

ਪੀਆ ਨਾ ਵੰਝ ਨਾ ਵੰਝ
ਢੋਲਨ ਯਾਰ
ਟਿਕ ਪੌਂ ਅਥਾਈਂ ਵੇ
ਨਾ ਵੰਝ ਨਾ ਵੰਝ।

ਰੋਜ਼ੀ ਤੇ ਰਿਜ਼ਕ ਵੇ
ਅੱਲਾ ਦਿੰਦਾ ਸਾਈਂ ਵੇ
ਨਾ ਵੰਝ ਨਾ ਵੰਝ।
ਆਪਣੇ ਵਤਨ ਦੀਆਂ ਠੰਢੀਆਂ ਛਾਈਂ ਵੇ

ਨਾ ਵੰਝ ਨਾ ਵੰਝ।
ਆਪਣੇ ਵਤਨ ਦੀਆਂ ਠੰਡੀਆਂ ਛਾਈਂ ਵੇ।
ਨਾ ਵੰਝ ਨਾ ਵੰਝ।

ਲੋਕ ਕਮਲੇ ਲੱਦੀ ਲੱਦੀ ਜਾਨੇ ਵੇ
ਉੱਟ ਗਈਆਂ ਯਾਰੀਆਂ
ਫੁੱਲ ਕੁਮਲਾਨੇ ਵੇ
ਨਾ ਵੰਝ ਨਾ ਵੰਝ
ਢੋਲਣ ਯਾਰ
ਟਿਕ ਪੌਂ ਅਥਾਈਂ ਵੇ
ਢੋਲਣ ਯਾਰ।

ਤਨ ਦਾ ਤੰਬੂਰਾ
ਰਗਾਂ ਦੀਆਂ ਤਾਰਾਂ ਵੇ
ਲੂੰ ਲੂੰ ਦੇ ਵਿੱਚ ਕਰਨ ਪੁਕਾਰਾਂ ਵੇ
ਨਾ ਵੰਝ ਨਾ ਵੰਝ
ਢੋਲਣ ਯਾਰ
ਟਿਕ ਪੌਂ ਅਥਾਈਂ ਵੇ।
ਨਾ ਵੰਝ ਨਾ ਵੰਝ।

ਪੰਡਿਤ ਰਾਮ ਸਰਨ ਐਡਵੋਕੇਟ

(1895-1946)

ਪੰਡਿਤ ਰਾਮ ਸਰਨ ਐਡਵੋਕੇਟ/ਪੰਡਿਤ ਰਾਮ ਸਰਨ ਦਾਸ ਲਾਹੌਰ ਦੇ ਕਾਨੂੰਨੀ ਅਤੇ ਸਾਹਿਤਕ ਖੇਤਰ ਵਿੱਚ ਇੱਕ ਪ੍ਰਮੁੱਖ ਸ਼ਖਸੀਅਤ ਸਨ। ਉਨ੍ਹਾਂ ਨੇ ਲਾਹੌਰ ਵਿੱਚ 'ਪੰਜਾਬੀ ਲਿਟਰੇਰੀ ਲੀਗ' ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ 'ਪੰਜਾਬੀ ਸਭਾ', ਪੰਜਾਬ ਦੇ ਉਪ-ਪ੍ਰਧਾਨ ਸਨ। ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਵਿੱਚ ਸ਼ਾਮਲ ਹਨ :

1. ਪੰਜਾਬ ਦੇ ਗੀਤ (1931)
2. ਸ਼੍ਰੀਮਦ ਭਗਵਦ ਗੀਤਾ (1935) ਦਾ ਪੰਜਾਬੀ - ਗੁਰਮੁਖੀ ਤੇ ਦੇਵਨਾਗਰੀ ਲਿਪੀ (ਕਵਿਤਾ) ਵਿੱਚ ਅਨੁਵਾਦ
3. ਵੈਦਿਕ ਸੰਧਿਆ ਦਾ ਸਰਲ ਹਿੰਦੀ (ਕਵਿਤਾ) ਵਿੱਚ ਅਨੁਵਾਦ ਕੀਤਾ।
4. ਆਜ਼ਾਦੀ ਤੋਂ ਪਹਿਲਾਂ 'ਪ੍ਰੀਤਲੜੀ' ਅਤੇ 'ਫੁਲਵਾੜੀ' ਵਰਗੇ ਵੱਖ-ਵੱਖ ਪੰਜਾਬੀ ਰਸਾਲਿਆਂ ਵਿੱਚ ਉਹਨਾਂ ਦੀਆਂ ਕਵਿਤਾਵਾਂ ਤੇ ਲੇਖ ਛਪੇ।
5. ਸਿੰਘਾਂ ਤੇ ਅੰਗਰੇਜਾਂ ਦੀ ਲੜਾਈ (ਬੈਂਤ ਸ਼ਾਹ ਮੁਹੰਮਦ) ਸੰਨ 1921 ਵਿੱਚ ਸੰਪਾਦਿਤ ਪੁਸਤਕ।



ਡਾ. ਵਿਭਾ ਸ਼ਰਮਾ
ਪੰਡਿਤ ਰਾਮ ਸਰਨ ਜੀ ਦੀ ਨਵਾਸੀ

ISBN : 978-93-49222-47-2
9789349222472

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ-144008